Exam Date - 27.12.22

इस परीक्षा पुस्तिका को तब तक न खोलें जब तक कहा न जाए।/Do not open this Test Booklet until you are asked to do so.

पुस्तिका में पृष्ठों की संख्या : **24**
No. of Pages in Booklet : **24**
पुस्तिका में प्रश्नों की संख्या : **150**
No. of Questions in Booklet : **150**
Paper Code : **08**

# ST-22

## Paper-II

प्रश्न पुस्तिका संख्या / Question Booklet No. 8004869

## SUBJECT : Punjabi

समय : **02.30** घण्टे Time : **02.30** Hours

अधिकतम अंक : **300** Maximum Marks : **300**

प्रश्न पुस्तिका के पेपर की सील / पॉलिथिन बैग को खोलने पर प्रश्न पत्र हल करने से पूर्व परीक्षार्थी यह सुनिश्चित कर लें कि :-

- प्रश्न पुस्तिका संख्या तथा ओ.एम.आर. उत्तर पत्रक पर अंकित बारकोड संख्या समान है।
- प्रश्न पुस्तिका एवं ओ.एम.आर. उत्तर पत्रक के सभी पृष्ठ व सभी प्रश्न सही मुद्रित हैं। समस्त प्रश्न, जैसा कि ऊपर वर्णित है, उपलब्ध हैं तथा कोई भीपृष्ठ कम नहीं है / मुद्रण त्रुटि नहीं है।

किसी भी प्रकार की विसंगति या दोषपूर्ण होने पर परीक्षार्थी वीक्षक से दूसरा प्रश्न पत्र प्राप्त कर लें। यह सुनिश्चित करने की जिम्मेदारी अभ्यर्थी की होगी। परीक्षा प्रारम्भ होने के **5** मिनट पश्चात् ऐसे किसी दावे / आपत्ति पर कोई विचार नहीं किया जायेगा।

On opening the paper seal/polythene bag of the Question Booklet before attempting the question paper the candidate should ensure that:-

- Question Booklet Number and Barcode Number of OMR Answer Sheet are same.
- All pages & Question of Question booklet and OMR answer sheet are properly printed. All question as mentioned above are available and no page is missing/misprinted.

If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after **five** minutes of start of examination.

## परीक्षार्थियों के लिए निर्देश

1. सभी प्रश्नों के उत्तर दीजिए।
2. सभी प्रश्नों के अंक समान हैं।
3. प्रत्येक प्रश्न का केवल एक ही उत्तर दीजिए।
4. एक से अधिक उत्तर देने की दशा में प्रश्न के उत्तर को गलत माना जाएगा।
5. **OMR** उत्तर–पत्रक इस परीक्षा पुस्तिका के अन्दर रखा है। जब आपको परीक्षा पुस्तिका खोलने को कहा जाए, तो उत्तर–पत्रक निकाल कर ध्यान से केवल **नीले बॉल प्वॉइंट पेन** से विवरण भरें।
6. कृपया अपना रोल नम्बर ओ.एम.आर. उत्तर–पत्रक पर सावधानी पूर्वक सही भरें। गलत रोल नम्बर भरने पर परीक्षार्थी स्वयं उत्तरदायी होगा।
7. **प्रत्येक गलत उत्तर के लिए प्रश्न अंक का 1/3 भाग काटा जायेगा।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है।
8. प्रत्येक प्रश्न के चार वैकल्पिक उत्तर दिये गये हैं, जिन्हें क्रमश: **1, 2, 3, 4** अंकित किया गया है। अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर–पत्रक पर **नीले बॉल प्वॉइंट पेन** से गहरा करना है।
9. यदि किसी प्रश्न में किसी प्रकार की कोई मुद्रण या तथ्यात्मक प्रकार की त्रुटि हो, तो प्रश्न के हिन्दी तथा अंग्रेज़ी रूपान्तरों में से अंग्रेज़ी रूपान्तर मान्य होगा।
10. मोबाइल फोन अथवा इलेक्ट्रॉनिक यंत्र का परीक्षा हॉल में प्रयोग पूर्णतया वर्जित हैं। यदि किसी अभ्यर्थी के पास ऐसी कोई वर्जित सामग्री मिलती है, तो उसके विरुद्ध आयोग द्वारा नियमानुसार कार्यवाही की जायेगी।

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए और **राजस्थान सार्वजनिक परीक्षा (अनुचित साधनों की रोकथाम) अधिनियम, 2022 तथा अन्य प्रभावी कानून एवं आयोग के नियमों–प्रावधानों** के तहत कार्यवाही की जाएगी। साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है।

## INSTRUCTIONS FOR CANDIDATES

1. Answer all questions.
2. All questions carry equal marks.
3. Only one answer is to be given for each question.
4. If more than one answers are marked, it would be treated as wrong answer.
5. The **OMR** Answer Sheet is inside this Test Booklet. When you are directed to open the Test Booklet, take out the Answer Sheet and fill in the particulars carefully with **blue ball point pen** only.
6. Please correctly fill your Roll Number in O.M.R. Answer Sheet. Candidate will themselves be responsible for filling wrong Roll Number.
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
8. Each question has four alternative responses marked serially as **1, 2, 3, 4**. You have to darken only one circle or bubble indicating the correct answer on the Answer Sheet using **BLUE BALL POINT PEN.**
9. If there is any sort of ambiguity/mistake either of printing or factual nature, then out of Hindi and English Version of the question, the English Version will be treated as standard.
10. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted under **Rajasthan Public Examination (Prevention of Unfair means) Act, 2022 & any other law applicable and Commission's Regulations.** Commission may also debar him/her permanently from all future examinations.

उत्तर पत्रक में दो प्रतियां हैं – मूल प्रति और कार्बन प्रति, परीक्षा समाप्ति पर परीक्षा कक्ष छोड़ने से पूर्व परीक्षार्थी उत्तर पत्रक की दोनों प्रतियां वीक्षक को सौंपेंगे, परीक्षार्थी स्वयं कार्बन प्रति अलग नहीं करें। वीक्षक उत्तर पत्रक की मूल प्रति को अपने पास जमा कर, कार्बनप्रति को मूल प्रति से कट लाईन से मोड़कर सावधानी पूर्वक अलग कर परीक्षार्थी को सौंपेंगे। परीक्षार्थी कार्बन प्रति को अपने साथ ले जायेंगे।

1. ਸਥਾਈ ਭਾਵ ਮਨੁੱਖੀ ਮਨ ਵਿਚ ਕਿਸ ਰੂਪ ਵਿਚ ਮੌਜੂਦ ਹੁੰਦੇ ਹਨ –

(1) ਯਾਦ
(2) ਸੰਸਕਾਰ
(3) ਪ੍ਰੇਰਨਾ
(4) ਪਰੰਪਰਾ

2. ਕਿੰਨੀ ਕੁ ਦੇਰ ਆਖ਼ਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।
ਉਪਰੋਕਤ ਕਾਵਿ ਟੂਕਾਂ ਦੀ ਰੂਪਾਕਾਰਕ ਵੰਨਗੀ ਹੈ –

(1) ਗੀਤ
(2) ਨਜ਼ਮ
(3) ਖੁੱਲ੍ਹੀ ਕਵਿਤਾ
(4) ਗ਼ਜ਼ਲ

3. ਗੁਰਮਤਿ ਕਾਵਿ ਦੀਆਂ ਚਿੰਤਨ–ਬੋਧਕ ਰਚਨਾਵਾਂ ਦਾ ਜੁੱਟ ਹੈ –

(1) ਵਾਰਾਂ, ਪਉੜੀਆਂ
(2) ਬਾਵਨ ਅੱਖਰੀ, ਪਟੀ
(3) ਸਿੱਧ ਗੋਸਟਿ, ਓਅੰਕਾਰ ਦੱਖਣੀ
(4) ਅਨੰਦ, ਸੁਖਮਨੀ

4. ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕਹੋ ਉਰਵਸ਼ੀ' ਦੇ ਪੰਜ ਭਾਗ ਹਨ –

(1) ਕਥਾ ਅਕਾਲ ਦੀ, ਕਥਾ ਕਾਲ ਦੀ, ਕਥਾ ਕਲਯੁਗ ਦੀ, ਕਥਾ ਅਣਕਹੀ, ਕਥਾ ਕਹੋ ਉਰਵਸ਼ੀ
(2) ਕਥਾ ਕਾਲੇ ਕੋਹਾਂ ਦੀ, ਕਥਾਂ ਕਲਯੁਗ ਦੀ, ਕਥਾ ਕਾਲ ਸਰਪ ਦੀ, ਕਥਾ ਸਤਯੁਗ ਦੀ, ਕਥਾ ਅਣਕਹੀ
(3) ਕਥਾ ਕਲਯੁਗ ਦੀ, ਕਥਾ ਕਾਲੇ ਕਾਵਾਂ ਦੀ, ਕਥਾ ਅਜਾਮਲ ਦੀ, ਕਥਾ ਕਾਲ ਦੀ, ਕਥਾ ਕਹੋ ਉਰਵਸ਼ੀ
(4) ਕਥਾ ਕਾਲੇ ਕੋਹਾਂ ਦੀ, ਕਥਾ ਕਲਯੁਗ ਦੀ, ਕਥਾ ਅਣਕਹੀ, ਕਥਾ ਇਕ ਹਉਕੇ ਦੀ, ਕਥਾ ਕਾਲ ਅਕਾਲ ਦੀ

5. ਸਾਹਿਤਕ ਜੀਵਨ ਦੀਆਂ ਘਟਨਾਵਾਂ ਦਾ ਵਰਣਨ, ਸੁਪਨ ਢੰਗ ਦੀ ਸਫ਼ਲ ਵਰਤੋਂ, ਪ੍ਰਤੀਕਾਤਮਕ ਸ਼ੈਲੀ ਅਤੇ ਸਫ਼ਰਨਾਮੇ ਤੇ ਸੰਸਮਰਣ ਦੇ ਤੱਤਾ ਦੀ ਸ਼ਮੂਲੀਅਤ ਕਿਹੜੀ ਸਵੈ-ਜੀਵਨੀ ਦੇ ਪ੍ਰਮੁਖ ਆਧਾਰ ਹਨ –

(1) ਨੰਗੇ ਪੈਰਾਂ ਦਾ ਸਫ਼ਰ
(2) ਨੰਗੀ ਧੁੱਪ
(3) ਰਸੀਦੀ ਟਿਕਟ
(4) ਖ਼ਾਨਾਬਦੋਸ਼

6. 'ਸਰਾਵੇ' ਦਾ ਸੰਬੰਧ ਹੈ –

(1) ਸੰਦੂਕ ਨਾਲ
(2) ਮੰਜੇ ਨਾਲ
(3) ਤੱਕੜੀ ਨਾਲ
(4) ਪਹਿਰਾਵੇ ਨਾਲ

7. 'ਤੁਜ਼ਕ-ਏ-ਜ਼ਹਾਂਗੀਰੀ' ਵਿਚ ਪੰਜਾਬੀ ਭਾਅ ਲਈ ਵਰਤਿਆ ਗਿਆ ਨਾਂ ਹੈ –

(1) ਬੰਜਾਬੀ
(2) ਜ਼ਬਾਨ-ਏ-ਜੱਟਾਂ
(3) ਦਰਦ
(4) ਰੇਖ਼ਤਾ

8. ਹੇਠਾਂ ਦਿੱਤੇ (ਨਾਟਕਕਾਰ-ਨਾਟ ਰਚਨਾ) ਵਿਚੋਂ ਕਿਹੜਾ ਜੁੱਟ ਸਹੀ ਹੈ –

(1) ਕਪੂਰ ਸਿੰਘ ਘੁੰਮਣ – ਸ਼ਹਿਰ ਬੀਮਾਰ ਹੈ
(2) ਆਤਮਜੀਤ – ਪੰਚਨਦ ਦੇ ਪਾਣੀ
(3) ਚਰਨਦਾਸ ਸਿੱਧੂ – ਸਿਆਲਾਂ ਦੀ ਨੱਢੀ
(4) ਸੁਰਜੀਤ ਸਿੰਘ ਸੇਠੀ – ਮਿੱਠਾ ਪਾਣੀ

9. ਜੋਗੀ ਵੇਖ ਕਿਵੇਂ ਉਠ ਆਂਦਾ ਸਈਆਂ।
ਮਿਠੜੇ ਮਿਠੜੇ ਬੈਨ ਵਜਾਵੇ ਠੁਮਕ ਠੁਮਕਾਂਦਾ ਸਈਆਂ।
ਮਦਵੇ ਮਦਵੇ ਨੈਣ ਬਣਾ ਕੇ ਜੋਰੀ ਜੋਰੀ ਮਨ ਭਾਂਦਾ ਸਈਆਂ।
ਉਪਰੋਕਤ ਕਾਵਿ ਟੁਕੜੀਆਂ ਦੀ ਰੂਪਾਕਾਰਕ ਵੰਨਗੀ ਹੈ –

(1) ਦੋਹੜਾ
(2) ਡਿਉਢ
(3) ਕਾਫ਼ੀ
(4) ਸ਼ਲੋਕ

10. ਨਜਾਬਤ ਰਚਿਤ ਨਾਦਰ ਸ਼ਾਹ ਦੀ ਵਾਰ ਅਨੁਸਾਰ ਕਿਸ ਨੇ ਨਾਦਰ ਸ਼ਾਹ ਨੂੰ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਉਕਸਾਇਆ ਅੰਤੇ ਦਰਬਾਰ ਦੀ ਜਾਣਕਾਰੀ ਦਿੱਤੀ –

(1) ਮੁਹੰਮਦ ਸ਼ਾਹ
(2) ਨਿਜ਼ਾਮਲ ਮੁਲਕ
(3) ਜ਼ਕਰੀਆ ਖਾਨ
(4) ਮਨਸੂਰ ਅਲੀ

11. ਪੰਜਾਬੀ ਕਿਰਿਆ ਦੇ ਆਗਿਆਬੋਧਕ ਰੂਪ ਵਿਚ ਸਮਤਾ ਹੁੰਦੀ ਹੈ –

(1) ਸਿਰਫ਼ ਵਚਨ ਦੀ
(2) ਸਿਰਫ਼ ਲਿੰਗ ਦੀ
(3) ਲਿੰਗ-ਵਚਨ ਦੀ
(4) ਸਿਰਫ਼ ਪੁਰਖ ਦੀ

12. ਪੰਜਾਬੀ ਦੀ ਕਿਹੜੀ ਉਪਭਾਸ਼ਾ ਵਿਚ ਸਭ ਤੋਂ ਪਹਿਲਾਂ 'ਕਾਫ਼ੀ' ਲਿਖਣੀ ਅਰੰਭ ਹੋਈ –

(1) ਲਹਿੰਦੀ
(2) ਪੋਠੋਹਾਰੀ
(3) ਸਿੰਧੀ
(4) ਡੋਗਰੀ

13. ਘੋੜੀਆਂ ਦੇ ਮੁਕਾਬਲੇ ਸੁਹਾਗ ਦੀ ਭਾਸ਼ਾ ਹੁੰਦੀ ਹੈ –

(1) ਸਿਰਜਨਾਤਮਕ
(2) ਦੁਹਰਾਓ ਮੂਲਕ
(3) ਮਕਾਨਕੀ
(4) ਵਿਅੰਗਮੂਲਕ

14. ਪੰਜਾਬੀ ਕਿੱਸਾ-ਕਾਵਿ ਦਾ ਕਿਹੜਾ ਕਿੱਸਾ ਯਥਾਰਥਵਾਦੀ ਰੰਗ ਦਾ ਕਿੱਸਾ ਹੈ, ਜਿਸਦੀ ਤ੍ਰਾਸਦਿਕ ਪਕੜ ਬਾਕੀ ਸਾਰੇ ਕਿੱਸਿਆਂ ਨਾਲੋ ਵਧੇਰੇ ਹੈ -

(1) ਹੀਰ-ਰਾਂਝਾ - ਵਾਰਿਸ ਸ਼ਾਹ
(2) ਮਿਰਜ਼ਾ ਸਾਹਿਬਾਂ - ਪੀਲੂ
(3) ਸੱਸੀ ਪੁੰਨੂੰ - ਹਾਸ਼ਮ ਸ਼ਾਹ
(4) ਸੋਹਣੀ ਮਹੀਵਾਲ - ਹਾਸ਼ਮ ਸ਼ਾਹ

15. ਉਮਰ ਗਵਾਈ ਵਿਚ ਮਸੀਤੀ,
ਅੰਦਰ ਭਰਿਆ ਨਾਲ ਪਲੀਤੀ।
ਕਦੇ ਨਮਾਜ਼ ਤੌਹੀਦ ਨਾ ਕੀਤੀ,
ਹੁਣ ਕੀ ਕਰਨਾ ਏ ਸ਼ੋਰ ਪੁਕਾਰ।

ਉਪਰੋਕਤ ਸਤਰਾਂ ਵਿਚ ਵਰਤੇ ਗਏ ਸ਼ਬਦ 'ਪਲੀਤੀ' ਅਤੇ 'ਤੌਹੀਦ' ਤੋਂ ਭਾਵ ਹੈ -

(1) ਗੰਦਗੀ, ਅਰਦਾਸ
(2) ਭਿੱਖਿਆ, ਵੇਲਾ
(3) ਗੰਦਗੀ, ਰੱਬੀ ਏਕਤਾ
(4) ਭਿੱਖਿਆ, ਰਮਜ਼

16. 'ਸੁਖਮਨੀ' ਰਚਨਾ ਵਿਚ ਕਾਵਿ-ਛੰਦ ਦੀ ਵਰਤੋਂ ਹੋਈ ਹੈ -

(1) ਚੌਪਈ, ਦੋਹਿਰਾ
(2) ਦੋਹਿਰਾ, ਸੋਰਠਾ
(3) ਸੋਰਠਾ, ਕਬਿੱਤ
(4) ਸਿਰਖੰਡੀ, ਦੋਹਿਰਾ

17. ਕਿਹੜਾ ਲੇਖਕ ਉਘਾ ਨਿਬੰਧਕਾਰ, ਭਾਵ ਭਰਪੂਰ ਅਲੋਚਕ ਤੇ ਨਿਪੁੰਨ ਕੋਸ਼ਕਾਰ ਹੈ -

(1) ਪੂਰਨ ਸਿੰਘ
(2) ਗੁਰਬਖ਼ਸ਼ ਸਿੰਘ
(3) ਤੇਜਾ ਸਿੰਘ
(4) ਪ੍ਰਿ. ਸਰਵਣ ਸਿੰਘ

18. ਪੰਜਾਬੀ ਲਈ 'ਮਦ੍ਰ' ਸ਼ਬਦ ਕਿਸ ਰਚਨਾ ਵਿਚ ਮਿਲਦਾ ਹੈ -

(1) ਕਾਫ਼ੀਆਂ ਬੁਲ੍ਹੇਸ਼ਾਹ
(2) ਕਿੱਸੇ
(3) ਬਚਿੱਤ੍ਰ ਨਾਟਕ
(4) ਜਨਮਸਾਖੀ ਸਾਹਿਤ

19. ਜੀ. ਬੀ. ਸਿੰਘ ਦੇ ਗੁਰਮੁਖੀ ਲਿਪੀ ਬਾਰੇ ਮਤ ਦੀ ਅਲੋਚਨਾ ਕਰਨ ਵਾਲਾ ਵਿਦਵਾਨ -

(1) ਪ੍ਰੇਮ ਪ੍ਰਕਾਸ ਸਿੰਘ
(2) ਤਰਲੋਚਨ ਸਿੰਘ ਬੇਦੀ
(3) ਹਰਕੀਰਤ ਸਿੰਘ
(4) ਕਾਲਾ ਸਿੰਘ ਬੇਦੀ

20. ਕਾਦਰਯਾਰ ਨੇ ਕਿੱਸਾ ਸੋਹਣੀ-ਮਹੀਵਾਲ ਵਿਚ ਕਿਹੜੀ ਕਿੱਸਾ-ਕਾਵਿ ਪਰੰਪਰਾ ਨੂੰ ਅਪਨਾਇਆ-

(1) ਇਰਾਨੀ
(2) ਰਾਜ਼ਸ਼ਥਾਨੀ
(3) ਅਰਬੀ
(4) ਭਾਰਤੀ

21. ਅੱਵਲ ਸੇਖ਼ ਫ਼ਰੀਦ ਸ਼ਕਰਗੰਜ,

ਆਰਿਫ ਅਹਿਲਿ ਵਲਾਇਤ।

ਹਿਕ ਹਿਕ ਸੁਖ਼ਨ ਜਬਾਨ ਉਹਦੀ ਦਾ,

ਰਾਹਬਰ ਰਾਹ ਹਿਦਾਇਤ।

ਉਪਰੋਕਤ ਸਤਰਾਂ ਰਾਹੀਂ ਬਾਬਾ ਫ਼ਰੀਦ ਪ੍ਰਤਿ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਿਹੜੇ ਕਵੀ ਨੇ ਕੀਤਾ ਹੈ –

(1) ਹਾਫ਼ਿਜ਼ ਬਰਖੁਰਦਾਰ (2) ਮੁਹੰਮਦ ਬਖ਼ਸ਼

(3) ਮੌਲਾ ਬਖ਼ਸ਼ ਕੁਸ਼ਤਾ (4) ਅਹਿਮਦਯਾਰ

22. ਗੁਰਮੁਖੀ ਲਿਪੀ ਵਿਚ ਚਿੰਨ੍ਹਾਂ ਦੀ ਕੁੱਲ ਗਿਣਤੀ ਕਿੰਨੀ ਹੈ?

(1) 51 (2) 52

(3) 54 (4) 56

23. ਰਸਯੁਕਤ ਵਾਕ ਨੂੰ ਕਾਵਿ ਦੀ ਸੰਗਯਾ ਕਿਸਨੇ ਦਿੱਤੀ ?

(1) ਭਰਤ ਮੁਨੀ (2) ਪੰਡਿਤ ਰਾਜ ਜਗਨ ਨਾਥ

(3) ਸ਼ੰਕੁਕ (4) ਵਿਸ਼ਵਨਾਥ

24. 'ਸ਼ਬਦਾਂ ਦੇ ਖਿਡਾਰੀ' ਪੁਸਤਕ ਦੇ ਕਰਤਾ ਹਨ –

(1) ਅੰਮ੍ਰਿਤਾ ਪ੍ਰੀਤਮ (2) ਜਸਬੀਰ ਭੁੱਲਰ

(3) ਪ੍ਰਿ. ਸਰਵਣ ਸਿੰਘ (4) ਨਰਿੰਦਰ ਸਿੰਘ ਕਪੂਰ

25. 'ਤਿੱਥ ਤਿਉਹਾਰ' ਪੁਸਤਕ ਦੇ ਕਰਤਾ ਹਨ –

(1) ਗਿਆਨੀ ਗੁਰਦਿੱਤ ਸਿੰਘ (2) ਦੇਵਿੰਦਰ ਸਤਿਆਰਥੀ

(3) ਪ੍ਰਿ. ਤੇਜਾ ਸਿੰਘ (4) ਵਣਜਾਰਾ ਬੇਦੀ

26. ਕਿਹੜੀ ਪੰਜਾਬੀ ਰੀਤ ਨੂੰ 'ਦੁੱਧ ਪਿਲਾਉਣਾ' ਵੀ ਕਿਹਾ ਜਾਂਦਾ ਹੈ –

(1) ਬਾਹਰ ਵਧਾਉਣਾ (2) ਪੱਗ ਬੰਨ੍ਹਣਾ

(3) ਠਾਕਾ (4) ਪਾਣੀ ਵਾਰ੍ਹ

27. 'ਉਦੇਸ਼' ਦਾ ਵਿਸਤਾਰ ਹੁੰਦਾ ਹੈ –

(1) ਨਾਂਵ (2) ਪੜਨਾਂਵ

(3) ਕਿਰਿਆ-ਵਿਸ਼ੇਸ਼ਣ (4) ਵਿਸ਼ੇਸ਼ਣ

28. ਕਿਹੜੇ ਸੂਫੀ ਕਵੀ ਨੇ ਆਪਣੇ ਕਲਾਮ ਵਿਚ 'ਮੁਰਸ਼ਦ' ਦੇ ਸਭ ਤੋਂ ਵੱਧ ਗੁਣ ਗਾਏ ਹਨ –

(1) ਸੁਲਤਾਨ ਬਾਹੂ
(2) ਸ਼ਾਹ ਹੁਸੈਨ
(3) ਹਾਸ਼ਮ ਸ਼ਾਹ
(4) ਮੀਆਂ ਵਜੀਦ

29. ਬਾਰਹਮਾਹ ਮਾਝ ਨੂੰ ਦੂਹਰੇ ਭਾਵ ਵਾਲੀ ਰਚਨਾ (Allegory) ਕਿਸਨੇ ਕਿਹਾ?

(1) ਡਾ. ਜਗਬੀਰ ਸਿੰਘ
(2) ਡਾ. ਮਹਿੰਦਰ ਕੌਰ ਗਿੱਲ
(3) ਡਾ. ਮਨਜੀਤ ਸਿੰਘ
(4) ਡਾ. ਤਾਰਨ ਸਿੰਘ

30. ਲਾਲਾ ਧਨੀ ਰਾਮ ਚਾਤ੍ਰਿਕ 'ਮੁਕਟਮਣੀ' ਦੀ ਉਪਾਧੀ ਕਿਹੜੇ ਪੰਜਾਬੀ ਕਵੀ ਨੂੰ ਦਿੰਦੇ ਹਨ –

(1) ਬਾਬੂ ਫਿਰੋਜ਼ਦੀਨ ਸ਼ਰਫ਼
(2) ਪ੍ਰੋ. ਪੂਰਨ ਸਿੰਘ
(3) ਭਾਈ ਵੀਰ ਸਿੰਘ
(4) ਵਿਧਾਤਾ ਸਿੰਘ ਤੀਰ

31. ਚੰਡੀ ਦੀ ਵਾਰ ਵਿਚ ਸ੍ਰਣਵੰਤ ਬੀਜ ਦੇ ਮਾਰੇ ਜਾਣ ਮਗਰੋਂ ਦੁਰਗਾ ਨਾਲ ਜੰਗ ਕਰਨ ਲਈ ਆਉਂਦੇ ਹਨ –

(1) ਚੰਡ ਤੇ ਮੁੰਡ
(2) ਸੁੰਭ ਤੇ ਨਿਸੁੰਭ
(3) ਮਹਿਖਾਸੁਰ
(4) ਧੂਮਰ ਲੋਚਨ

32. ਪੱਛਮੀ ਪੰਜਾਬ ਵਿਚ ਤੀਆਂ ਦੇ ਤਿਉਹਾਰ ਦੇ ਸੰਬੰਧ ਵਰਖਾ ਰੁੱਤ ਦੀ ਹਰਿਆਵਲ ਨਾਲ ਜੋੜ ਕੇ ਇਸਨੂੰ ਆਖਿਆ ਜਾਂਦਾ ਹੈ –

(1) ਮੇਘਲਾ
(2) ਪੀਂਘਾ
(3) ਗੁਲਜਾਰ
(4) ਸਾਵੇ

33. ਦਿੱਤੀ ਜਿੰਦ ਤੂੰ ਹੀਰ ਸਲੇਟੜੀ ਨੂੰ,
ਦੇ ਗਈ ਸਦਾ ਦੀ ਜ਼ਿਦਗੀ ਹੀਰ ਤੈਨੂੰ
ਵਾਰਿਸ ਸ਼ਾਹ ਬਾਰੇਂ ਇਹ ਤੁਕਾਂ ਕਿਸ ਕਵੀ ਨੇ ਕਹੀਆਂ?

(1) ਫ਼ੀਰੋਜ਼ਦੀਨ ਸ਼ਰਫ
(2) ਧਨੀ ਰਾਮ ਚਾਤ੍ਰਿਕ
(3) ਵਿਧਾਤਾ ਸਿੰਘ ਤੀਰ
(4) ਪ੍ਰੋ. ਪੂਰਨ ਸਿੰਘ

34. "ਖੜਾ ਪੁਕਾਰੇ ਪਾਤਣੀ ਬੇੜਾ ਕਵਾਤ।"
ਉਪਰੋਕਤ ਕਾਵਿ-ਪੰਗਤੀ ਦਾ ਰਚਨਹਾਰ ਹੈ –

(1) ਹਾਸ਼ਮ ਸ਼ਾਹ
(2) ਵਾਰਿਸ ਸ਼ਾਹ
(3) ਸ਼ੇਖ ਫਰੀਦ
(4) ਸ਼ਾਹ ਹੁਸੈਨ

8004869

35. 'ਸੁਰ' ਰਹਿਤ ਉਪਭਾਸ਼ਾ ਹੈ –

(1) ਮਾਝੀ
(2) ਮਲਵਈ
(3) ਪੁਆਧੀ
(4) ਪੋਠੋਹਾਰੀ

36. "ਜਦੋਂ ਭਾਰਤ ਵਿਚ 'ਨਾਵਲ' ਰੂਪ ਦਾ ਪਤਨ ਹੋ ਰਿਹਾ ਸੀ, ਉਸ ਵੇਲੇ ਗੁਰਦਿਆਲ ਸਿੰਘ ਨੇ ਪੰਜਾਬੀ ਭਾਸ਼ਾ ਵਿਚ 'ਮੜ੍ਹੀ ਦਾ ਦੀਵਾ' ਲਿਖ ਕੇ ਹਿੰਦੁਸਤਾਨ ਦੇ ਨਾਵਲ ਰੂਪ ਨੂੰ ਪਤਨ ਵਿਚ ਜਾਣ ਤੋਂ ਬਚਾ ਲਿਆ ਸੀ।"

ਗੁਰਦਿਆਲ ਸਿੰਘ ਬਾਰੇ ਇਹ ਟਿੱਪਣੀ ਕਿਸ ਵਿਦਵਾਨ/ਚਿੰਤਕ ਦੀ ਹੈ –

(1) ਮਹਾਂਵੀਰ ਪ੍ਰਸਾਦ ਦਿਵੇਦੀ
(2) ਭਾਰਤੇਂਦੂ ਹਰੀਸ਼ਚੰਦਰ
(3) ਰਾਮਧਾਰੀ ਸਿੰਹ ਦਿਨਕਰ
(4) ਡਾ. ਨਾਮਵਰ ਸਿੰਹ

37. ਅੰਮ੍ਰਿਤਾ ਪ੍ਰੀਤਮ ਦੀ ਕਿਹੜੀ ਕਵਿਤਾ ਪੀਲੂ ਰਚਿਤ 'ਮਿਰਜ਼ਾ ਸਾਹਿਬਾ' ਦੀ ਤਰਜ਼ ਉੱਪਰ ਲਿਖੀ ਗਈ ਹੈ –

(1) ਸੁਨੇਹੜੇ
(2) ਓ ਗੀਤਾਂ ਵਾਲਿਆ
(3) ਅੱਜ ਆਖਾਂ ਵਾਰਿਸ ਸ਼ਾਹ ਨੂੰ
(4) ਤਵਾਰੀਖ

38. ਪੰਜਾਬੀ ਕਹਾਣੀ ਵਿਚ ਮਨੋਵਿਗਿਆਨਕ ਪਾਸਾਰ ਦੇ ਨਵੇਂ ਆਯਾਮ ਸਿਰਜਣ ਵਾਲਾ ਕਥਾਕਾਰ ਹੈ –

(1) ਕੁਲਵੰਤ ਸਿੰਘ ਵਿਰਕ
(2) ਕਰਤਾਰ ਸਿੰਘ ਦੁੱਗਲ
(3) ਸੁਜਾਨ ਸਿੰਘ
(4) ਸੰਤ ਸਿੰਘ ਸੇਖੋਂ

39. ਹੀਰ ਰਾਂਝੇ ਦੀ ਕਹਾਣੀ ਦਾ ਸਰਵ ਪ੍ਰਥਮ ਸ੍ਰੋਤ ਕੀ ਹੈ?

(1) ਦਮੋਦਰ ਰਚਿਤ ਹੀਰ
(2) ਬਾਕੀ ਕੋਲਾਬੀ ਰਚਿਤ ਮਸਨਵੀ ਹੀਰ ਰਾਂਝਾ
(3) ਮੌਲਵੀ ਨੂਰ ਮਹੁੰਮਦ ਰਚਿਤ ਤਾਰੀਖਿ ਝੰਗ ਸਿਆਲ
(4) ਗੰਗ ਭੱਟ ਰਚਿਤ ਹੀਰ ਕਾਜੀ ਦਾ ਸੰਵਾਦ

40. ਗਿਆਨੀ ਗੁਰਦਿੱਤ ਸਿੰਘ ਰਚਿਤ ਜੀਵਨੀ ਹੈ –

(1) ਅਮਰਨਾਮਾ
(2) ਪਰਮ-ਮਨੁੱਖ
(3) ਬਾਗੀ ਜਰਨੈਲ
(4) ਇੱਕ ਜੀਵਨ ਪ੍ਰਕਾਸ਼

41. ਪੰਜਾਬੀ ਦੇ ਕਿਹੜੇ ਨਾਟਕਕਾਰ ਉਪਰ ਪੰਜਾਬੀ ਨਾਟਕਕਾਰਾਂ ਹੈਨਰਿਕ ਇਬਸਨ ਅਤੇ ਬਰਨਾਰਡ ਸ਼ਾਅ ਦਾ ਪ੍ਰਭਾਵ-ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ –

(1) ਹਰਚਰਨ ਸਿੰਘ
(2) ਬਲਵੰਤ ਗਾਰਗੀ
(3) ਕਪੂਰ ਸਿੰਘ ਘੁੰਮਣ
(4) ਆਈ. ਸੀ. ਨੰਦਾ

42. ਧਰਮ-ਚਿੰਤਨ, ਗੁਰਬਾਣੀ ਵਿਆਕਰਨ ਅਤੇ ਵਿਆਖਿਆ ਦੇ ਖੇਤਰ ਵਿਚ ਮੁੱਲਵਾਨ ਕਾਰਜ ਕਰਨ ਵਾਲਾ ਵਾਰਤਕਕਾਰ ਹੈ –

(1) ਪ੍ਰੋ. ਸਾਹਿਬ ਸਿੰਘ
(2) ਪ੍ਰੋ. ਪੂਰਨ ਸਿੰਘ
(3) ਗਿਆਨੀ ਗੁਰਦਿੱਤ ਸਿੰਘ
(4) ਪ੍ਰਿ. ਤੇਜਾ ਸਿੰਘ

43. ਬਾਰਾ ਉਤਾਰਾ ਕੀਤਾ ਰਾਫਾਂ, ਘੁਰੇ ਨਿਸਾਨ ਬਜਾਇਆ।
ਸੱਟ ਨਗਾਰੇ ਪਹਿਲੀ ਪਾਈ ਤਾਂ ਆਲਮ ਉਛੱਲ ਆਇਆ।
ਦਮੋਦਰ ਰਚਿਤ ਇਹ ਸਤਰਾਂ ਕਿਸ ਬਿੰਬ ਦੀ ਉਦਾਹਰਣ ਹਨ –

(1) ਸਪਰਸ਼ ਬਿੰਬ
(2) ਗੰਧ ਬਿੰਬ
(3) ਨਾਦ ਬਿੰਬ
(4) ਦ੍ਰਿਸ਼ਟਮਾਨ ਬਿੰਬ

44. ਸਭ ਤੋਂ ਵਧੇਰੇ 'ਹਾਥੀ' 'ਕੁੱਤੇ' 'ਮੱਛੀ' ਦੀਆਂ ਉਦਾਹਰਨਾਂ ਵਰਤ ਕੇ ਅਮੋੜ ਮਨ ਨੂੰ ਮੋੜਨ ਦਾ ਜ਼ਿਕਰ ਆਪਣੀ ਰਚਨਾ ਵਿਚ ਕਿਸ ਗੁਰੂ-ਵਿਅਕਤੀ ਨੇ ਕੀਤਾ –

(1) ਗੁਰੂ ਨਾਨਕ ਦੇਵ
(2) ਗੁਰੂ ਅੰਗਦ ਦੇਵ
(3) ਗੁਰੂ ਅਰਜਨ ਦੇਵ
(4) ਗੁਰੂ ਤੇਗ ਬਹਾਦਰ

45. ਚਰਨਦਾਸ ਸਿੱਧੂ ਦੇ ਕਿਸ ਨਾਟਕ ਵਿਚ ਯਥਾਰਥਵਾਦੀ ਮੰਚ-ਜੁਗਤ ਨੂੰ ਪੰਜਾਬ ਦੀ ਲੋਕ-ਨਾਟ ਪਰੰਪਰਾ ਦੇ ਇਕ ਰੂਪ 'ਰਾਸ' ਨਾਲ ਇਕ ਸੁਰ ਕਰਕੇ ਪ੍ਰਸਤੁਤ ਕੀਤਾ ਗਿਆ ਹੈ –

(1) ਲੇਖੁ ਕਰੇ ਕਵੱਲੀਆਂ
(2) ਅੰਬੀਆਂ ਨੂੰ ਤਰਸੇਂਗੀ
(3) ਪੰਜ ਖੂਹ ਵਾਲੇ
(4) ਚੰਨੋ ਬਾਜੀਗਰਨੀ

46. ਗੁਰਬਾਣੀ ਦੀ ਨਵੀਂ ਬੌਧਿਕ ਰਹੱਸਵਾਦੀ ਵਿਆਖਿਆ ਕਿਸ ਕਵੀ ਦੀ ਵਿਲੱਖਣਤਾ ਹੈ –

(1) ਪ੍ਰੀਤਮ ਸਿੰਘ ਸਫ਼ੀਰ
(2) ਪ੍ਰੋ. ਮੋਹਨ ਸਿੰਘ
(3) ਭਾਈ ਵੀਰ ਸਿੰਘ
(4) ਸ. ਸ. ਮੀਸ਼ਾ

47. 'ਰੀਤ' ਦਾ ਅੰਤਲਾ ਤੋੜਾ ਹੁੰਦਾ ਹੈ –

(1) ਮੇਲਾ
(2) ਤਿਉਹਾਰ
(3) ਰਿਵਾਜ
(4) ਸ਼ਗਨ

48. ਸਿਰਜਣਾਤਮਕ ਓਹਲੇ ਰਾਹੀਂ ਕਥਾ-ਰਸ ਪੈਦਾ ਕਰਨਾ, ਪਾਤਰਾਂ ਦੀ ਉਸਾਰੀ ਉਨ੍ਹਾਂ ਦੇ ਕਾਰਜ ਰਾਹੀਂ ਕਰਨਾ ਅਤੇ ਮੁਹਾਵਰੇਦਾਰ ਮਲਵਈ ਉਪ-ਭਾਸ਼ਾ ਦੀ ਸੁਚੱਜੀ ਵਰਤੋਂ ਆਦਿ ਕਿਹੜੇ ਕਹਾਣੀਕਾਰ ਦੀਆਂ ਪ੍ਰਮੁੱਖ ਕਥਾ-ਜੁਗਤਾਂ ਹਨ -

(1) ਗੁਰਬਚਨ ਸਿੰਘ ਭੁੱਲਰ  (2) ਸੰਤ ਸਿੰਘ ਸੇਖੋਂ
(3) ਕਰਤਾਰ ਸਿੰਘ ਦੁੱਗਲ  (4) ਕੁਲਵੰਤ ਸਿੰਘ ਵਿਰਕ

49. 'ਅੱਧਾ' ਅਤੇ 'ਸਵਾ' ਵਿਸ਼ੇਸ਼ਣ ਹੈ -

(1) ਅਪੂਰਣ ਅੰਕ ਬੋਧਕ ਗਿਣਤੀ ਵਾਚਕ ਵਿਸ਼ੇਸ਼ਣ
(2) ਪੂਰਣ ਅੰਕ ਗਿਣਤੀ ਵਾਚਕ ਵਿਸ਼ੇਸ਼ਣ
(3) ਗਿਣਤੀ ਵਾਚਕ ਵਿਸ਼ੇਸ਼ਣ
(4) ਅਪੂਰਣ ਗਿਣਤੀ ਬੋਧਕ ਵਿਸ਼ੇਸ਼ਣ

50. ਕਿਹੜੇ ਵਿਦਵਾਨ ਦੀ ਖੋਜ ਨਾਲ ਗੁਰਮੁਖੀ ਲਿਪੀ ਦਾ ਵਿਗਿਆਨਕ ਮੁਹਾਂਦਰਾ ਉਘੜਦਾ ਹੈ -

(1) ਪ੍ਰੋ. ਪ੍ਰੀਤਮ ਸਿੰਘ  (2) ਡਾ. ਪ੍ਰੇਮਪ੍ਰਕਾਸ਼ ਸਿੰਘ
(3) ਡਾ. ਜੀ. ਬੀ. ਸਿੰਘ  (4) ਡਾ. ਹਰਕੀਰਤ ਸਿੰਘ

51. 'ਸੌਂਚੀ ਪੱਕੀ' ਵਿਚ ਫੜਨ ਵਾਲ ਵਿਰੋਧੀ ਧਿਰ ਦੇ ਕਿਸ ਅੰਗ ਨੂੰ ਹੀ ਪਕੜ ਸਕਦਾ ਹੈਂ............. ਕਿਸੇ ਹੋਰ ਅੰਗ ਨੂੰ ਪਕੜਨਾ ਫਾਊਲ ਸਮਝਿਆ ਜਾਂਦਾ ਹੈ, ਉਹ ਅੰਗ ਹੈ -

(1) ਲੱਤ  (2) ਲੱਕ
(3) ਗਿੱਟਾ  (4) ਬੀਂਣੀ

52. ਵਣਜਾਰਾ ਬੇਦੀ ਅਨੁਸਾਰ ਲੋਕ-ਕਥਾ ਦਾ ਪ੍ਰਾਚੀਨਤਮ ਰੂਪ ਹੈ -

(1) ਸਾਖੀ  (2) ਪਰੀ ਕਥਾ
(3) ਮਿੱਥ  (4) ਮਹਾਤਮ

53. ਕਿਸੇ ਲਿਪੀ ਦਾ ਛੋਟੇ ਤੋਂ ਛੋਟਾ ਉਹ ਅੰਗ, ਜੋ ਉਚਰਿਤ ਭਾਸ਼ਾ ਦੇ ਕਿਸੇ ਲੱਛਣ ਦਾ ਚਿਹਨਕ ਹੋਵੇ -

(1) ਆਰਥੋਗ੍ਰਾਫ਼ੀ  (2) ਖ਼ਾਕਾ
(3) ਲਿਪਾਂਕ  (4) ਰੂਮੀਮ

54. "ਜੈਦਾਤਾਂ ਹੋਈਆਂ ਬੰਦਿਆਂ ਨਾਲ! .............. ਬੰਦੇ ਬਣੌਂਦੇ ਆਏ। ਜੇ ਸਲੱਗ ਹੋਊ ਤਾਂ ਆਪੇ ਦੂਣੀ-ਚੌਣੀ ਬਣਾ-ਲੂ, ਨਹੀਂ ਤਾਂ ਮੇਰਾ ਕੀ ਐ? ਆਪਾਂ ਨੂੰ ਤਾਂ ਦੋ ਗੁੱਲੀਆਂ ਚਾਹੀਦੀਆਂ ਹੈ, ਪਿਨਸ਼ਨ ਦੇ ਪੈਸੇ ਈ ਨ੍ਹੀਂ ਮੁਕਦੇ; ਹੋਰ ਜੈਦਾਤਾਂ ਆਪਾਂ ਕੀ ਕਰਨੀਐਂ!"

ਉਪਰੋਕਤ ਸਤਰਾਂ ਕਿਸ ਕਹਾਣੀ ਵਿਚੋਂ ਲਈਆਂ ਗਈਆਂ ਹਨ?

(1) ਕੋਈ ਇਕ ਸਵਾਰ
(2) ਘੜੀ ਤਾਂ ਖਰਾਬ ਹੋ-ਗੀ!
(3) ਸ਼ਹੀਦ ਦੀ ਮਾਂ
(4) ਆਪਣਾ ਆਪਣਾ ਹਿੱਸਾ

55. ਗੁਰਬਖ਼ਸ਼ ਸਿੰਘ ਫਰੈਂਕ ਨੇ ਅਜੀਤ ਕੌਰ ਦੇ ਕਿਸ ਕਥਾ ਸੰਗ੍ਰਹਿ ਨੂੰ ਪੰਜਾਬੀ – ਨਿੱਕੀ ਕਹਾਣੀ ਵਿਚ ਇਕ ਮੀਲ ਪੱਥਰ ਅਤੇ ਪੰਜਾਬੀ ਕਹਾਣੀ ਨੂੰ ਇਕ ਛਲਾਂਗ ਅੱਗੇ ਲਿਜਾਣ ਦੀ ਸਮਰੱਥਾ ਵਾਲਾ ਦਸਦੇ ਹਨ –

(1) ਗੁਲਬਾਨੋ
(2) ਫਾਲਤੂ ਔਰਤ
(3) ਸਾਵੀਆਂ ਚਿੜੀਆਂ
(4) ਮੌਤ ਅਲੀ ਬਾਬੇ ਦੀ

56. ਪੰਜਾਬ ਦੇ ਉਪ-ਖਿੱਤਿਆਂ ਵਿਚੋਂ ਕਿਸ ਖੇਤਰ ਉੱਤੇ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਦਾ ਪ੍ਰਭਾਵ ਵਧੇਰੇ ਹੈ –

(1) ਦੁਆਬਾ
(2) ਮਾਝਾ
(3) ਮਾਲਵਾ
(4) ਕੰਢੀ

57. ਲਿਪੀ ਇਤਿਹਾਸ ਦੇ ਅੰਤਰਗਤ ਚਿਤਰ ਲਿਪੀ ਤੋਂ ਬਾਅਦ ਲਿਪੀ ਦਾ ਅਗਲਾ ਪੜਾਅ ਹੈ –

(1) ਭਾਵ-ਮੂਲਕ ਲਿਪੀ
(2) ਸ਼ਬਦ-ਮੂਲਕ ਲਿਪੀ
(3) ਉਚਾਰ-ਮੂਲਕ ਲਿਪੀ
(4) ਵਰਨ-ਮੂਲਕ ਲਿਪੀ

58. ਬਿੰਬ-ਪ੍ਰਤਿਬਿੰਬ ਭਾਵ ਨਾਲ ਸੰਬੰਧਿਤ ਹੋਣ ਤਾਂ ਉੱਥੇ ਕਿਹੜਾ ਅਲੰਕਾਰ ਹੁੰਦਾ ਹੈ?

(1) ਰੂਪਕ
(2) ਉਪਮਾ
(3) ਅਤਿਕਥਨੀ
(4) ਦ੍ਰਿਸਟਾਂਤ

59. ਸੁਲਤਾਨ ਬਾਹੂ ਦੇ ਕਲਾਮ ਵਿਚ ਕਾਦਰੀ ਸੰਪ੍ਰਦਾਇ ਦੇ ਕਿਹੜੇ ਸੂਫੀ ਫ਼ਕੀਰ ਦਾ ਜ਼ਿਕਰ ਵਾਰ-ਵਾਰ ਆਇਆ ਹੈ –

(1) ਅਬਦੁਲ ਰਹਿਮਾਨ
(2) ਅਬਦੁਲ ਕਾਦਿਰ ਜੀਲਾਨੀ
(3) ਖ਼ੁਆਜ਼ਾ ਬਖ਼ਤਿਆਰ ਕਾਕੀ
(4) ਸੇਖ਼ ਮੋਈਅਨੁਦੀਨ ਚਿਸ਼ਤੀ

60. 'ਸ਼ਬਦ-ਗੁਰੂ' ਸੰਕਲਪ ਸੰਬੰਧੀ ਗੁਰੂ ਨਾਨਕ ਦੇਵ ਨਾਲ ਗੋਸ਼ਟੀ ਕਰਨ ਵਾਲਾ ਨਾਥ ਹੈ –

(1) ਗੋਰਖ ਨਾਥ (2) ਲੋਹਾਰੀਪਾ

(3) ਚਰਪਟ (4) ਮਛੰਦਰ

61. 'ਹੁਸਨ-ਲਪੇਟੀ' ਸਮਾਸ ਹੈ –

(1) ਦ੍ਵੰਦ੍ਵ ਸਮਾਸ (2) ਤਤਪੁਰਖ ਸਮਾਸ

(3) ਕਰਮਧਾਰੇ ਸਮਾਸ (4) ਬਹੁਵ੍ਰੀਹੀ ਸਮਾਸ

62. "ਓਧਰ ਰਾਣੀ ਇੱਛਰਾ ਕੇ ਕੰਨ ਮਾਂ ਬਾਤ ਪਈ। ਠੋਕਰਾਂ ਖਾਂਦੀ ਆ ਗੀ। ਅਹੀ ਜੀ ਕਰਾਮਾਤ ਆਲੇ ਸਾਧ ਤੇ ਮੈਂ ਬੀ ਲਿਆਮਾਂ ਅਖਾਂ ਕੀ ਦਵਾ। ਪੂਰਨ ਪੁੱਛਾ, ਮਾਈ ਬਤਾ ਤੇਰੇ ਗੋਲ ਕੀ ਭਾਣਾ ਬੀਤਾ। ਇੱਛਰਾਂ ਨੇ ਸਾਰਾ ਕੁਸ਼ ਬਤਾ ਦਿਆ। ਬਾਤਾਂ-ਬਾਤਾਂ ਮਾਂ ਬੋਲ ਪਛਾਣ ਲੀਆ। ਕਹਾ ਹੋਆ ਚਾਹੇ ਨਾਂ, ਤੂੰ ਮੇਰਾ ਪੂਰਨ ਐਂ।"

ਉਪਰੋਕਤ ਵਾਰਤਕ ਪੈਰ੍ਹੇ ਦੀ ਭਾਸ਼ਾ ਹੈ –

(1) ਮੁਲਤਾਨੀ (2) ਦੁਆਬੀ

(3) ਪੁਆਧੀ (4) ਮਾਝੀ

63. 'ਪੰਜਾਬੀ ਆਚਰਣ ਪੰਜਾਬ ਦੇ ਭੂਗੋਲਿਕ ਦੁਆਲੇ ਅਤੇ ਇਤਿਹਾਸਕ ਪਿਛੋਕੜ ਤੋਂ ਬਣਿਆ ਹੈ।' ਇਹ ਕਥਨ ਕਿਸ ਦਾ ਹੈ –

(1) ਪ੍ਰਿੰ. ਤੇਜਾ ਸਿੰਘ (2) ਪ੍ਰੋ. ਪੂਰਨ ਸਿੰਘ

(3) ਮਹਿੰਦਰ ਸਿੰਘ ਰੰਧਾਵਾ (4) ਬਲਰਾਜ ਸਾਹਨੀ

64. ਅਵਲ ਹਮਦ ਸਨਾਇ ਖੁਦਾਇ ਤਾਈਂ ਜਿਸ ਇਸ਼ਕ ਥੀ ਕੁਲ ਜਹਾਨ ਕੀਤਾ,
ਨਬੀ ਪਾਕ ਰਸੂਲ ਮਾਸ਼ੂਕ ਕਰਕੇ ਮਖ਼ਲੂਕ ਕੋਲੋਂ ਆਲੀਸ਼ਾਨ ਕੀਤਾ।
ਉਪਰੋਕਤ ਤੁਕਾਂ ਕਿਸ ਕਿੱਸੇ ਦਾ ਮੰਗਲਾਚਰਣ ਹਨ?

(1) ਵਾਰਿਸ ਦੀ ਹੀਰ (2) ਫ਼ਜ਼ਲ ਸ਼ਾਹ ਦੀ ਸੋਹਣੀ

(3) ਹਾਸ਼ਮ ਦੀ ਸੋਹਣੀ (4) ਦਮੋਦਰ ਦੀ ਹੀਰ

65. ਹੇਠ ਲਿਖਿਆਂ ਵਿਚੋਂ ਕਿਹੜਾ ਸਫ਼ਰਨਾਮਾ ਭਾਰਤੀ ਸਭਿਅਤਾ, ਕਲਾ, ਇਤਿਹਾਸ ਤੇ ਮਿਥਿਹਾਸ ਦੇ ਵੇਰਵਿਆਂ ਨਾਲ ਭਰਪੂਰ ਹੈ?

(1) ਜੜ੍ਹਾਂ ਦੀ ਪਰਿਕਰਮਾ (2) ਜੰਗਲ ਜੰਗਲ ਪਰਬਤ ਪਰਬਤ

(3) ਪਰਬਤਾਂ ਸੰਗ ਸੰਵਾਦ (4) ਕਿੰਨੇ ਪਰਬਤਾਂ ਤੋਂ ਪਾਰ

66. ਤੀਹਰੇ ਸਵਰ ਮੌਜੂਦ ਹਨ –

(1) ਮਾਝੀ (2) ਲਹਿੰਦੀ

(3) ਪੁਆਧੀ (4) ਡੋਗਰੀ

67. ਵਾਕ ਵਿਉਂਤ ਵਿਚ ਇਕਾਈਆਂ ਵਿਚਰਦੀਆਂ ਹਨ –

(1) ਇੱਕ (2) ਦੋ

(3) ਤਿੰਨ (4) ਚਾਰ

68. 'ਕਾਲੀ ਬਰਛੀ' ਕਵਿੰਤਾ ਦਾ ਕਵੀ ਹੈ –

(1) ਸ਼ਿਵ ਕੁਮਾਰ ਬਟਾਲਵੀ (2) ਪਿਆਰਾ ਸਿੰਘ ਸਹਿਰਾਈ

(3) ਸੰਤੋਖ ਸਿੰਘ ਧੀਰ (4) ਵਿਸ਼ਵਨਾਥ ਤਿਵਾੜੀ

69. ਭਾਈ ਗੁਰਦਾਸ ਦੀਆਂ ਵਾਰਾਂ ਨੂੰ ਸਿੱਖੀ ਦਾ ਰਹਿਤਨਾਮਾ ਕਿਸ ਵਿਦਵਾਨ ਨੇ ਆਖਿਆ?

(1) ਭਾਈ ਕਾਹਨ ਸਿੰਘ (2) ਭਾਈ ਸਾਹਿਬ ਸਿੰਘ

(3) ਗਿਆਨੀ ਦਿੱਤ ਸਿੰਘ (4) ਪਿਆਰਾ ਸਿੰਘ ਪਦਮ

70. ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ ਕਿਹੜੀ ਹੈ?

(1) ਬਹਾਦਰੀ/ਸੂਰਮਤਾਈ (2) ਉੱਦਮੀਪੁਣਾ

(3) ਸਵੈਧੀਨਤਾ ਦਾ ਜੀਵਨ (4) ਕਿਰਤ ਦੀ ਕਦਰ

71. ਲਿਪੀ ਵਿਗਿਆਨਕ ਤੌਰ 'ਤੇ ਗੁਰਮੁਖੀ ਲਿਪੀ ਹੈ –

(1) ਵਰਨਨਾਤਮਿਕ (2) ਅੱਖਰਾਤਮਿਕ

(3) ਸ਼ਬਦਾਤਮਿਕ (4) ਅਰਧ-ਵਰਨਨਾਤਮਿਕ

72. ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣੁ ਮੰਦੁ॥

ਸੁਣਿਐ ਜੋਗੁ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥

ਉਪਰੋਕਤ ਤੁਕਾਂ ਵਿਚ ਕਵੀ ਦੁਆਰਾ ਵਰਤਿਆ ਛੰਦ ਹੈ –

(1) ਨਿਸ਼ਾਨੀ (2) ਦੋਹਰਾ

(3) ਸੋਰਠਾ (4) ਚੌਪਈ

73. ਹਾਂ-ਰੂਪੀ ਕਰਤਰੀਵਾਚੀ ਕਿਰਿਆ ਵਾਕੰਸ਼ ਵਿਚ ਸ਼ਾਮਿਲ ਕਿਰਿਆਵਾਂ ਦੀ ਤਰਤੀਬ ਹੈ -

(1) ਮੁੱਖ ਕ੍ਰਿਰਿਆ + ਸੰਚਾਲਕ ਕਿਰਿਆ + ਸਹਾਇਕ ਕਿਰਿਆ

(2) ਮੁੱਢਲੀ ਸੰਚਾਲਕ ਕਿਰਿਆ + ਸਹਾਇਕ ਕਿਰਿਆ + ਕਰਮਵਾਚਕ ਸੰਚਾਲਕ ਕਿਰਿਆ

(3) ਸਹਾਇਕ ਕਿਰਿਆ + ਸੰਚਾਲਕ ਕਿਰਿਆ + ਸੰਭਾਵਕ ਕਿਰਿਆ

(4) ਮੁੱਖ ਕਿਰਿਆ + ਸੰਚਾਲਕ ਕਿਰਿਆ + ਕਰਮਵਾਚੀ ਕਿਰਿਆ

74. ਪੇਂਡੂ ਸ਼ਬਦਾਵਲੀ ਅਤੇ ਲੌਕਿਕ ਬਿੰਬ-ਵਿਧਾਨ ਕਿਸ ਕਵੀ ਦੀ ਲੋਕਪ੍ਰਿਯਤਾ ਦਾ ਪ੍ਰਮੁੱਖ ਆਧਾਰ ਹਨ -

(1) ਸ. ਸ. ਮੀਸ਼ਾ
(2) ਪ੍ਰੋ. ਪੂਰਨ ਸਿੰਘ
(3) ਸ਼ਿਵ ਕੁਮਾਰ ਬਟਾਲਵੀ
(4) ਸੁਰਜੀਤ ਪਾਤਰ

75. ਹੇਠ ਲਿਖਿਆਂ ਵਿਚੋਂ ਵਿਆਹ ਦੀ ਕਿਹੜੀ ਵੰਨਗੀ ਸਿਰਫ਼ ਪੰਜਾਬੀ ਸਭਿਆਚਾਰ ਦੀ ਹੀ ਖਾਸੀਅਤ ਹੈ?

(1) ਪੁੰਨ ਦਾ ਵਿਆਹ
(2) ਵੱਟਾ ਸੱਟਾ
(3) ਕਰੇਵਾ
(4) ਸਿਰ ਧਰਨਾ ਜਾਂ ਚਾਦਰ ਪਾਉਣੀ

76. ਖੰਡੀ ਧੁਨੀਆਂ -

(1) ਸ਼ਬਦਾਂ ਵਿਚ ਸੁਤੰਤਰ ਤੌਰ 'ਤੇ ਵਿਚਰਨ ਦੇ ਸਮਰੱਥ

(2) ਸ਼ਬਦਾਂ ਵਿਚ ਸੁਤੰਤਰ ਤੌਰ 'ਤੇ ਨਾ ਵਿਚਰਨ ਦੇ ਸਮਰੱਥ

(3) ਸ਼ਬਦਾ ਵਿਚ ਜਿੰਨ੍ਹਾ ਦਾ ਖੰਡ-ਖੰਡ ਕਰਕੇ ਵਿਸ਼ਲੇਸ਼ਣ ਨਾ ਕੀਤਾ ਜਾ ਸਕੇ

(4) ਸ਼ਬਦਾਂ ਵਿਚ ਪਰਤੰਤਰ ਤੌਰ 'ਤੇ ਵਿਚਰਨ ਦੇ ਸਮਰੱਥ

77. ਗੁਰਮੁਖੀ ਲਿਪੀ ਲਈ 'ਗੁਰਮੁਖੀ' ਸ਼ਬਦ ਸਭ ਤੋਂ ਪਹਿਲਾਂ ਕਿਸ ਗ੍ਰੰਥ ਵਿਚ ਵਰਤਿਆ ਗਿਆ ਹੈ -

(1) ਜਨਮਸਾਖੀ-ਭਾਈ ਬਾਲਾ
(2) ਬੰਸਾਵਲੀਨਾਮਾ
(3) ਮਹਿਮਾ ਪ੍ਰਕਾਸ਼
(4) ਬਾਬਾ ਮੋਹਨ ਦੀਆਂ ਪੋਥੀਆਂ

78. ਹੇਠ ਲਿਖਿਆਂ ਵਿਚੋਂ ਕਿਹੜਾ ਕਥਾ ਸੰਗ੍ਰਹਿ ਸੰਤ ਸਿੰਘ ਸੇਖੋਂ ਦਾ ਨਹੀਂ ਹੈ?

(1) ਬਾਰਾਂਦਰੀ
(2) ਸਮਾਚਾਰ
(3) ਕਾਮੇ ਤੇ ਯੋਧੇ
(4) ਅੱਧਾ ਪਹਿਰ

79. 'ਮੇਰੀ ਪਹਿਲੀ ਸਿਮਰਤੀ' ਵਣਜਾਰਾ ਬੇਦੀ ਦੀ ਕਿਸ ਪੁਸਤਕ ਵਿਚ ਦਰਜ ਹੈ –

(1) ਮੇਰਾ ਨਾਨਕਾ ਪਿੰਡ (2) ਮੇਰੇ ਰਾਹਾ ਦੇ ਰੰਗ

(3) ਅੱਧੀ ਮਿੱਟੀ ਅੱਧਾ ਸੋਨਾ (4) ਗਲੀਏ ਚਿਕੜੁ ਦੂਰਿ ਘਰ

80. ਬਲਰਾਜ ਸਾਹਨੀ ਦੁਆਰਾ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਪੰਜਾਬੀ ਤੋਂ ਪਹਿਲਾਂ ਕਿਸ ਭਾਸ਼ਾ ਵਿਚ ਪ੍ਰਕਾਸ਼ਿਤ ਹੋ ਚੁੱਕਾ ਸੀ?

(1) ਉਰਦੂ ਤੇ ਬੰਗਾਲੀ (2) ਅੰਗਰੇਜ਼ੀ ਤੇ ਉਰਦੂ

(3) ਹਿੰਦੀ ਤੇ ਅੰਗਰੇਜ਼ੀ (4) ਹਿੰਦੀ ਤੇ ਉਰਦੂ

81. ਇਹਨਾਂ ਵਿਚੋਂ ਮੁਕਤ ਨਿਭਾਓ ਸੰਦਰਭ ਵਾਲਾ ਕਾਵਿ ਰੂਪ ਹੈ –

(1) ਸੁਹਾਗ (2) ਘੋੜੀ

(3) ਅਲਾਹੁਣੀ (4) ਟੱਪਾ

82. ਮਲਵਈ ਕਵੀਸ਼ਰੀ ਪਰੰਪਰਾ ਵਿਚ ਕਬਿੱਤ ਤੋਂ ਬਿਨਾਂ ਹੋਰ ਕਿਹੜੇ ਛੰਦ ਦੀ ਪ੍ਰਧਾਨਤਾ ਰਹੀ ਹੈ –

(1) ਦੋਹਿਰਾ (2) ਚੌਪਈ

(3) ਕੋਰੜਾ (4) ਬੈਂਤ

83. ਜਦੋਂ ਵਿਸ਼ੇਸ਼ਣ ਸ਼ਬਦ-ਸ਼ਰੇਣੀ ਦੇ ਸ਼ਬਦ ਨਾਂਵ ਵਜੋਂ ਕਾਰਜ ਕਰਦੇ ਹਨ ਤਾਂ ਇਨ੍ਹਾਂ ਨਾਲ ਜੁੜਣ ਵਾਲੇ ਵਧੇਤੁਰ ਹੁੰਦੇ ਹਨ –

(1) ਨਾਂਵ (2) ਪੜਨਾਂਵ

(3) ਵਿਸ਼ੇਸ਼ਣ (4) ਕਿਰਿਆ-ਵਿਸ਼ੇਸ਼ਣ

84. ਸਵੈ-ਜੀਵਨੀ ਨੂੰ 'ਯਥਾਰਥ ਤੋਂ ਯਥਾਰਥ ਤਕ ਦਾ ਅਮਲ', ਕਿਸ ਨੇ ਕਿਹਾ ਹੈ –

(1) ਅਜੀਤ ਕੌਰ (2) ਪ੍ਰਿ. ਤੇਜਾ ਸਿੰਘ

(3) ਅੰਮ੍ਰਿਤਾ ਪ੍ਰੀਤਮ (4) ਡਾ. ਮਹਿੰਦਰ ਸਿੰਘ ਰੰਧਾਵਾ

85. "ਭਉ ਖਲਾ ਅਗਨਿ ਤਪ ਤਾਉ॥"

ਉਪਰੋਕਤ ਪੰਗਤੀ ਵਿਚ 'ਖਲਾ' ਦਾ ਸ਼ਾਬਦਿਕ ਅਰਥ ਹੈ –

(1) ਹਥੌੜਾ (2) ਸੁਨਿਆਰ

(3) ਧੌਂਕਣੀ (4) ਅੱਗ

86. ਕਿਹੜਾ ਨਾਚ ਪੰਜਾਬੀ ਗਿੱਧੇ ਨਾਲ ਕਾਫੀ ਮਿਲਦਾ ਜੁਲਦਾ ਹੈ?

(1) ਕਥਾਕਲੀ (2) ਗਰਬਾ

(3) ਕੇਲੀ ਗੁਪਾਲ (4) ਕਥਕ

87. ਕਵਿਤਾ ਵਿਚ ਪੇਸ਼ ਕੀਤੇ ਜਾ ਰਹੇ ਕਿਹੜੇ ਭਾਸ਼ਾਈ ਪੱਖ ਦਾ ਨੇਮ-ਬੱਧ ਸੰਗਠਨ ਛੰਦ ਹੈ –

(1) ਸ਼ਬਦਾਂ (2) ਧੁਨੀਆਂ

(3) ਵਾਕਾਂ (4) ਉਪ-ਵਾਕਾਂ

88. ਗੁਰੂ ਗੋਬਿੰਦ ਸਿੰਘ ਰਚਿਤ ਵਾਰ ਸ੍ਰੀ ਭਗਉਤੀ ਜੀ ਕੀ ਵਿਚ ਕਥਾ ਦਾ ਵਿਸਥਾਰ ਕਿਸ ਪਉੜੀ ਤੋਂ ਆਰੰਭ ਹੁੰਦਾ ਹੈ –

(1) ਚੌਥੀ (2) ਪੰਜਵੀ

(3) ਤੀਜੀ (4) ਦੂਜੀ

89. ਗੁਰੂ ਅਰਜਨ ਦੇਵ ਦੀ ਉਪਰੋਕਤ ਵਾਰ, ਜਿਸ ਦੇ 'ਸਲੋਕਾਂ' ਦੀ ਭਾਸ਼ਾ ਲਹਿੰਦੀ ਤੇ ਬ੍ਰਜ ਅਤੇ 'ਪਉੜੀਆਂ' ਠੇਠ ਪੰਜਾਬੀ ਹਨ –

(1) ਜੈਤਸਰੀ ਕੀ ਵਾਰ (2) ਮਾਝ ਕੀ ਵਾਰ

(3) ਬਿਹਾਗੜਾ ਕੀ ਵਾਰ (4) ਗਉੜੀ ਕੀ ਵਾਰ

90. 'ਸਾਧਾਰਨ ਧਰਮ' ਅਤੇ 'ਵਾਚਕ' ਅੰਗ (ਤੱਤ) ਹਨ –

(1) ਯਮਕ ਅਲੰਕਾਰ ਦੇ (2) ਉਪਮਾ ਅਲੰਕਾਰ ਦੇ

(3) ਅਨੁਪ੍ਰਾਸ ਅਲੰਕਾਰ ਦੇ (4) ਦੀਪਕ ਅਲੰਕਾਰ ਦੇ

91. ਸੋਹਿੰਦਰ ਸਿੰਘ ਵਣਜਾਰਾ ਬੇਦੀ 'ਵਾਰ' ਕਾਵਿ ਦਾ ਉੱਥਾਨ ਕਿਸ ਵਿਚੋ ਮੰਨਦਾ ਹੈ –

(1) ਵਾਰਤਾ (2) ਜੱਸ ਦੀ ਕਵਿਤਾ

(3) ਬਾਰਹੱਠ (4) ਵਾਰਨੇ

92. ਹੇਠ ਲਿਖੇ (ਸਫ਼ਰਨਾਮਾ – ਪ੍ਰਕਾਸ਼ਨ ਵਰ੍ਹਾ) ਵਿਚੋਂ ਸਹੀ ਜੁੱਟ ਚੁਣੋ –

(1) ਮੇਰਾ ਵਲੈਤੀ ਸਫ਼ਰਨਾਮਾ – 1935 (2) ਸੈਲਾਨੀ ਦੇਸ਼ਭਗਤ – 1955

(3) ਮੇਰਾ ਪਾਕਿਸਤਾਨੀ ਸਫ਼ਰਨਾਮਾ –1967 (4) ਮੇਰਾ ਰੂਸੀ ਸਫ਼ਰਨਾਮਾ–1969

93. ਪ੍ਰੋ. ਪੂਰਨ ਸਿੰਘ ਦੀ ਕਾਵਿ ਵਿਧੀ ਨੂੰ 'ਪੁਰਾਨ-ਰੂਪ ਵਿਧੀ' ਦੀ ਸੰਗਿਆ ਕਿਸ ਵਿਦਵਾਨ ਨੇ ਦਿੱਤੀ?

(1) ਡਾ. ਤਰਲੋਕ ਸਿੰਘ ਕੰਵਰ (2) ਡਾ. ਹਰਿਭਜਨ ਸਿੰਘ

(3) ਡਾ. ਜਗਬੀਰ ਸਿੰਘ (4) ਡਾ. ਸਤਿੰਦਰ ਸਿੰਘ ਨੂਰ

94. ਡਾ. ਐਸ ਕੇ ਚੈਟਰਜੀ ਨੇ ਪੰਜਾਬੀ ਨੂੰ ਭਾਰਤੀ ਆਰੀਆ ਭਾਸ਼ਾਵਾਂ ਦੀ ਵਿਕਾਸ ਪ੍ਰਕ੍ਰਿਆ ਦੀ ਵੰਡ ਅਧੀਨ ਕਿਸ ਵਰਗ ਵਿਚ ਸ਼ਾਮਿਲ ਕੀਤਾ ਹੈ?

(1) ਪਰਾਚਯ (2) ਪਰਤੀਚਯ

(3) ਮੱਧ ਦੇਸ਼ੀ (4) ਉਦੀਚਯ

95. ਪੰਜਾਬੀ ਸ਼ਬਦਾਵਲੀ ਵਿਚ ਅਵਿਕਾਰੀ ਸ਼ਬਦ-ਸ਼ਰੇਣੀ ਨਾਲ ਸੰਬੰਧਿਤ ਹਨ -

(1) ਨਾਂਵ, ਪੜਨਾਂਵ, ਕਿਰਿਆ-ਵਿਸ਼ੇਸ਼ਣ (2) ਲਿੰਗ, ਵਚਨ, ਪੁਰਖ

(3) ਸੰਬੰਧਕ, ਵਿਸ਼ੇਸ਼ਣ, ਵਿਸਮਕ (4) ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ

96. ਧੰਨ ਜੈਤੇ ਤੂੰ ਰਾਖੀ ਸਿਖੀ, ਖੰਨਿਓਂ ਤ੍ਰਿਖੀ ਵਾਲੋਂ ਨਿੱਕੀ
ਤੁਮ ਰੰਘਰੇਟੇ ਗੁਰੂ ਕੇ ਬੇਟੇ, ਰਹੋ ਪੰਥ ਸੰਗ ਸਦਾ ਅਮੇਟੇ
ਭਾਈ ਰੰਘਰੇਟਾ ਬਾਰੇ ਉਪਰੋਕਤ ਸਤਰਾਂ ਕਿਸ ਗ੍ਰੰਥ ਵਿਚ ਦਰਜ ਹਨ -

(1) ਮਹਿਮਾ ਪ੍ਰਕਾਸ਼ (2) ਗੁਰਪ੍ਰਤਾਪ ਸੂਰਜ ਗ੍ਰੰਥ

(3) ਸੂਰਜ ਪ੍ਰਕਾਸ਼ (4) ਪੰਥ ਪ੍ਰਕਾਸ਼

97. 'ਪੰਜਾਬੀ ਸਾਹਿਤ ਵਿਚ ਬਾਬਾ ਫ਼ਰੀਦ ਦੀ ਥਾਂ ਬਾਬਾ ਆਦਮ ਵਾਲੀ ਹੈ' ਇਹ ਕਥਨ ਕਿਸਦਾ ਹੈ?

(1) ਡਾ. ਕਾਲਾ ਸਿੰਘ ਬੇਦੀ (2) ਡਾ. ਤਾਰਨ ਸਿੰਘ

(3) ਪ੍ਰੋ. ਮੋਹਨ ਸਿੰਘ (4) ਪ੍ਰੋ. ਪਿਆਰਾ ਸਿੰਘ ਪਦਮ

98. ਕਿਸ ਵਿਦਵਾਨ ਨੇ ਰੇਖਾ ਚਿੱਤਰ ਨੂੰ ਛੋਟੀ ਕਹਾਣੀ ਤੋਂ ਵੀ ਉਚੇਰੀ ਸਮਰੱਥਾ ਵਾਲਾ ਸਾਹਿਤ ਰੂਪ ਮੰਨਿਆ ਹੈ -

(1) ਡਾ. ਹਰਿਭਜਨ ਸਿੰਘ (2) ਸੰਤ ਸਿੰਘ ਸੇਖੋਂ

(3) ਐਚ. ਜੀ. ਵੇਲਜ਼ (4) ਐਲਰੀ ਸੈਜਵਿਕ

99. ਪੰਜਾਬੀ ਦੀ ਸਾਹਿਤਕ ਪ੍ਰਭਾਵਾਂ ਵਾਲੀ ਅਵਸਥਾ ਦਾ ਕਾਲ ਹੈ -

(1) 1850 ਈ. ਤੋਂ ਆਧੁਨਿਕ ਕਾਲ (2) 1200 ਈ. ਤੋਂ ਮਧਕਾਲ

(3) 1000 ਈ. ਤੋਂ ਆਦਿ ਕਾਲ (4) 1100 ਈ. ਤੋਂ ਪੂਰਵ-ਮੱਧਕਾਲ

100. ਲੋਕ-ਕਥਾ ਦੇ ਕਿਹੜੇ ਰੂਪ ਨੂੰ 'ਤੰਤ੍ਰਾਖਿਆਨ', 'ਗੁਣ ਕਥਾ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ -

(1) ਪਰੀਕਥਾ (2) ਪਸ਼ੂ (ਜਨੌਰ) ਕਥਾ

(3) ਨੀਤੀ ਕਥਾ (4) ਦੰਤ ਕਥਾ

101. ਇਕ ਸੁਪਨ-ਦ੍ਰਿਸ਼ ਨਾਟ ਰਚਨਾ ਹੈ -

(1) ਮਨਦੀਆਂ ਮਨ ਵਿਚ (2) ਅੰਨ੍ਹੇ-ਕਾਣੇ

(3) ਨਿਸ਼ਾਤ ਬਾਗ ਵਿਚ (4) ਇਕ ਰਾਮਾਇਣ ਹੋਰ

102. ਪੰਜਾਬ ਅਤੇ ਪੰਜਾਬੀਅਤ ਲਈ ਮਜ਼ਬੀ ਵਿਤਕਰੇ ਨੂੰ ਮਾਰੂ ਦੱਸਦੇ ਹੋਏ ਕਿਸ ਸੂਫ਼ੀ ਕਵੀ ਨੇ 'ਸੁਲਾਹ ਕੁਲ ਦਾ ਮਾਰਗ' ਅਪਣਾਉਣ ਦੀ ਗੱਲ ਕੀਤੀ?

(1) ਸ਼ਾਹ ਹੁਸੈਨ (2) ਬੁੱਲੇ ਸ਼ਾਹ

(3) ਗੁਲਾਮ ਫ਼ਰੀਦ (4) ਫ਼ਰਦ ਫਕੀਰ

103. ਭਾਸ਼ਾ ਦੇ ਦੋ ਤਲ ਹਨ –

(1) ਸਾਰ ਤੇ ਕਥਨ (2) ਸ਼ਬਦ ਗੋਦ ਤੇ ਸਾਰ

(3) ਸ਼ਬਦ ਗੋਦ ਤੇ ਵਾਕ ਗੋਦ (4) ਸ਼ਬਦ ਅਤੇ ਵਾਕ

104. ਸਵਰ – ਧੁਨੀਆਂ ਦਾ ਵਰਗੀਕਰਨ ਕੀਤਾ ਜਾਂਦਾ ਹੈ –

(1) ਮੂੰਹ ਤੇ ਨੱਕ ਦੀ ਸਥਿਤੀ ਦੇ ਆਧਾਰ 'ਤੇ

(2) ਜੀਭ ਅਤੇ ਬੁੱਲ੍ਹਾਂ ਦੀ ਸਥਿਤੀ ਦੇ ਆਧਾਰ 'ਤੇ

(3) ਸੰਘ ਅਤੇ ਬੁੱਲ੍ਹ ਦੀ ਸਥਿਤੀ ਦੇ ਆਧਾਰ 'ਤੇ

(4) ਕਾਂ ਅਤੇ ਨਾਸਿਕ ਮੋਲ ਦੀ ਸਥਿਤੀ ਦੇ ਆਧਾਰ 'ਤੇ

105. ਨਾਨਕ ਸਿੰਘ ਨੂੰ 'ਭਾਵੁਕ ਪਰੰਪਰਾ' ਦਾ ਨਾਵਲਕਾਰ ਆਖਦੇ ਹੋਏ ਉਸਦੀ ਕਲਾ ਨੂੰ ਕਲਾ-ਧਰਮ ਤੋਂ ਵਾਂਝੀ ਦੱਸਣ ਵਾਲਾ ਆਲੋਚਕ ਹੈ –

(1) ਜੋਗਿੰਦਰ ਸਿੰਘ ਰਾਹੀ (2) ਹਰਿਭਜਨ ਸਿੰਘ

(3) ਗੁਰਚਰਨ ਸਿੰਘ (4) ਅਤਰ ਸਿੰਘ

106. ਪੰਜਾਬੀ ਸਭਿਆਚਾਰ ਵਿਚ 'ਤਿਲ ਮੇਥਰੇ' ਦੀ ਰਸਮ ਨਿਭਾਈ ਜਾਂਦੀ ਹੈ –

(1) ਪਾਣੀ ਵਾਰਨ ਤੋਂ ਬਾਅਦ (2) ਛੁਆਰਾ ਲਾਉਣ ਵੇਲੇ

(3) ਲਾਵਾਂ ਫੇਰਿਆਂ ਤੋਂ ਬਾਅਦ (4) ਜੰਞ ਦੇ ਢੁਕਾ ਸਮੇਂ

107. "ਲਹਿੰਦੀ ਦੀ ਸਰੋਤ ਪ੍ਰਾਕ੍ਰਿਤ ਪੈਸ਼ਾਚੀ ਅਤੇ ਪੂਰਬੀ ਪੰਜਾਬੀ ਦੀ ਸਰੋਤ ਪ੍ਰਾਕ੍ਰਿਤ ਸ਼ੌਰਸੇਨੀ ਹੈ" ਉਪਰੋਕਤ ਸਿਧਾਂਤ ਦਾ ਕਰਤਾ ਹੈ –

(1) ਡਾ. ਬਨਾਰਸੀ ਦਾਸ ਜੈਨ (2) ਟੀ. ਬਰੋ

(3) ਜਾਰਜ ਗ੍ਰੀਅਰਸਨ (4) ਵਿਦਿਆ ਭਾਸਕਰ ਅਰੁਣ

108. ਸ਼ਾਹ ਮੁਹੰਮਦ ਰਚਿਤ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਵਿਚ ਵਰਤਿਆ ਸ਼ਬਦ 'ਪੜਤਲ' ਕਿਸ ਭਾਸ਼ਾ ਤੋਂ ਆਇਆ ਹੈ –

(1) ਅਰਬੀ (2) ਫ਼ਾਰਸੀ

(3) ਅੰਗਰੇਜ਼ੀ (4) ਪੁਰਤਗਾਲੀ

109. ਪੁਰਾਤਨ ਜਨਮਸਾਖੀ ਅਨੁਸਾਰ 'ਸਿਧ ਗੋਸਟਿ' ਦਾ ਰਚਣ-ਸਥਾਨ ਹੈ –

(1) ਅਚਲ ਵਟਾਲੇ
(2) ਗੋਰਖ ਹੱਟੜੀ
(3) ਕਰਤਾਰਪੁਰ ਸਾਹਿਬ
(4) ਨਨਕਾਣਾ ਸਾਹਿਬ

110. 'ਰੋਜ਼ਾ ਤੁਲਸ਼ੁਹਦਾ' ਦੀ ਰੂਪਾਕਾਰਕ ਵੰਨਗੀ ਹੈ

(1) ਕਿੱਸਾ
(2) ਵਾਰ
(3) ਜੰਗਨਾਮਾ
(4) ਵਾਰਤਕ

111. ਲੋਕ ਕਾਵਿ ਰੂਪ 'ਅਲਾਹੁਣੀ' ਦੀ ਸੰਬੋਧਨੀ ਸੰਰਚਨਾ ਹੈ –

(1) ਸੁਤੰਤਰ
(2) ਨਾਟਕੀ
(3) ਰੁਮਾਂਚਕ
(4) ਵਿਅਕਤੀਗਤ

112. ਮਾਲਵਾ ਆਂਚਲ ਦੀ ਗ੍ਰਾਮ ਸੰਸਕ੍ਰਿਤੀ ਸੰਬੰਧੀ ਸਭ ਤੋਂ ਵੱਧ ਨਾਵਲ ਰਚਨਾ ਕਰਨ ਵਾਲੇ ਨਾਵਲਕਾਰ ਹਨ –

(1) ਕਰਤਾਰ ਸਿੰਘ ਦੁੱਗਲ
(2) ਰਾਮ ਸਰੂਪ ਅਣਖੀ
(3) ਗੁਰਦਿਆਲ ਸਿੰਘ
(4) ਜਸਵੰਤ ਸਿੰਘ ਕੰਵਲ

113. ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੀ ਪ੍ਰਮੁੱਖ ਰਚਨਾ ਜੁਗਤ ਹੈ –

(1) ਤਣਾਅ ਦੀ ਜੁਗਤ
(2) ਇਕਾਗਰਤਾ ਦੀ ਜੁਗਤ
(3) ਟਾਕਰੇ ਦੀ ਜੁਗਤ
(4) ਬੂਮਰਿੰਗ ਦੀ ਜੁਗਤ

114. ਗੁਰੂ ਗ੍ਰੰਥ ਸਾਹਿਬ ਵਿਚ ਜੈਜਾਵੰਤੀ ਰਾਗ ਦੀ ਵਰਤੋਂ ਕਿਸ ਗੁਰੂ ਕਵੀ ਨੇ ਕੀਤੀ?

(1) ਗੁਰੂ ਅਰਜਨ ਦੇਵ
(2) ਗੁਰੂ ਅਮਰਦਾਸ
(3) ਗੁਰੂ ਤੇਗ ਬਹਾਦਰ
(4) ਗੁਰੂ ਰਾਮਦਾਸ

115. ਡਾ. ਟੀ. ਆਰ. ਵਿਨੋਦ ਸੁਰਿੰਦਰ ਸਿੰਘ ਨਰੂਲਾ ਦੇ ਨਾਵਲਾਂ ਦੀ ਵਿਸ਼ੇਸ਼ ਪ੍ਰਾਪਤੀ ਕਿਸਨੂੰ ਮਨਦਾ ਹੈ –

(1) ਸ਼ਹਿਰੀ ਮੱਧਵਰਗੀ ਜੀਵਨ ਦੀ ਪੇਸ਼ਕਾਰੀ
(2) ਮੱਧਵਰਗ ਦੀ ਦੁਬਿਧਾ ਗ੍ਰਸਤ ਸਥਿਤੀ ਦੀ ਦੁਖਾਂਤਕ ਪੇਸ਼ਕਾਰੀ
(3) ਸਦਾਚਾਰਕ ਪ੍ਰਤੀਮਾਨਕ ਦ੍ਰਿਸਟੀ
(4) ਮੱਧਵਰਗੀ ਜੀਵਨ ਨੂੰ ਨਿਰਲੇਪ ਮੁੱਲ ਵਿਧਾਨ ਵਿਚ ਢਾਲਣ ਦੀ ਪ੍ਰਵਿਰਤੀ

116. ਕਿਸ ਪੰਜਾਬੀ ਸੂਫ਼ੀ ਕਵੀ ਦੀ ਰਚਨਾ ਵਿਚ ਅਰਥ ਅਲੰਕਾਰਾ ਨਾਲੋਂ ਸ਼ਬਦ ਅਲੰਕਾਰ ਵਧੇਰੇ ਹਨ –

(1) ਗੁਲਾਮ ਫਰੀਦ
(2) ਵਜੀਦ
(3) ਸ਼ਾਹ ਹੁਸੈਨ
(4) ਫਰਦ ਫਕੀਰ

117. ਸ਼ੀਰੀਂ ਖਿਸਰੋ ਦਾ ਜੋ ਕਿੱਸਾ ਅਸਾਂ ਵਿਚ ਕਿਤਾਬਾਂ ਪੜ੍ਹਿਆ।
ਹਾਸ਼ਮ ਹੋਰ ਤਰਾਂ ਕੁਝ ਲਿਖਿਆ ਸਾਡੀ ਨਜ਼ਰ ਨਾ ਚੜ੍ਹਿਆ।
ਹਾਸ਼ਮ ਦੇ ਕਿੱਸੇ 'ਸ਼ੀਰੀਂ ਫਰਹਾਦ' ਬਾਬਤ ਉਪਰੋਕਤ ਟਿੱਪਣੀ ਕਿਸ ਦੀ ਹੈ –

(1) ਮੁਹੰਮਦ ਬਖ਼ਸ਼
(2) ਮੌਲਾ ਬਖ਼ਸ਼ ਕੁਸ਼ਤਾ
(3) ਅਹਿਮਦਯਾਰ
(4) ਨੱਜਮ ਹੁਸੈਨ ਸੱਯਦ

118. ਬੁਲ੍ਹੇਸ਼ਾਹ ਦੀ ਰਚਨਾ ਵਿਚ ਕਿਹੜੇ ਰਸ ਦੀ ਪ੍ਰਧਾਨਤਾ ਮਿਲਦੀ ਹੈ –

(1) ਅਦਭੁਤ ਰਸ
(2) ਸ਼ਾਂਤ ਰਸ
(3) ਕਰੁਣਾ ਰਸ
(4) ਹਾਸ ਰਸ

119. ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜਿਆਸੁ ਹੋਰ॥
ਉਪਰੋਕਤ ਸਤਰਾਂ ਵਿਚ ਵਰਤੇ ਗਏ ਸ਼ਬਦ 'ਭਾਉ' ਦਾ ਅਰਥ ਹੈ –

(1) ਵਿਕਾਰ
(2) ਹਿੱਸਾ
(3) ਮੈਲ
(4) ਵਿਚਾਰ

120. ਜੌਨ ਨਿਊਟਨ ਨੇ ਆਪਣੀ ਕਿਤਾਬ 'ਪੰਜਾਬੀ ਗਰਾਮਰ' ਵਿਚ ਗੁਰਮੁਖੀ ਲਿਪੀ ਦੀ ਕਿਹੜੀ ਅੱਖਰ ਤਰਤੀਬ ਅਪਣਾਈ –

(1) ੳ ਅ ੲ
(2) ਸ ਹ ਕ
(3) ਅ ੲ ੳ
(4) ੲ ੳ ਅ

121. ਲੰਮੇ ਬਿਰਤਾਂਤਕ ਸੰਗਠਨ ਵਾਲਾ ਲੋਕ-ਕਥਾ ਰੂਪ ਹੈ –

(1) ਨੀਤੀ ਕਥਾ
(2) ਪਰੀ ਕਥਾ
(3) ਦੰਤ ਕਥਾ
(4) ਜਨੌਰ ਕਥਾ

8004869

122. ਬਹੁਅਰਥਕ ਸ਼ਬਦਾਂ ਦੀ ਮੁੱਖ ਵਿਸ਼ੇਸ਼ਤਾ ਹੈ –

(1) ਇੱਕ ਤੋਂ ਵਧੇਰੇ ਅਰਥਾਂ ਵਿਚ ਵਰਤੇ ਜਾਣ ਦੀ ਯੋਗਤਾ ਹੁੰਦੀ ਹੈ।

(2) ਬਿਨ੍ਹਾਂ ਕਿਸੇ ਤਬਦੀਲੀ ਦੇ ਨਾਂਵ, ਵਿਸ਼ੇਸ਼ਣ ਜਾਂ ਕਿਰਿਆ ਆਦਿ ਦੇ ਤੌਰ ਤੇ ਵਰਤੇ ਜਾ ਸਕਦੇ ਹਨ।

(3) ਇਨ੍ਹਾਂ ਦਾ ਸ਼ਬਦ ਕੋਸ਼ ਵਿਚ ਇਕ ਹੀ ਇੰਦਰਾਜ ਹੁੰਦਾ ਹੈ।

(4) ਤਿੰਨੋਂ

123. ਪਿਛੋਕੜ ਜਾਂ ਸੋਮੇ ਦੇ ਆਧਾਰ ਤੇ ਪੂਰਨ ਭਗਤ ਦਾ ਕਿੱਸਾ ਕਿਸ ਵਰਗ ਵਿਚ ਆਉਂਦਾ ਹੈ –

(1) ਸਥਾਨਕ (2) ਵਿਦੇਸੀ

(3) ਪੰਜਾਬੀ (4) ਭਾਰਤੀ

124. ਵਿਰੋਧੀ ਸ਼ਬਦਾ ਵਿਚ ਅਰਥਾਂ ਦਾ ਵਿਰੋਧ ਕਿਹੜੀ ਕਿਸਮ ਦਾ ਹੁੰਦਾ ਹੈ –

(1) ਲਿੰਗ ਅਧਾਰਤ (2) ਵਚਨ ਅਧਾਰਤ

(3) ਕਿਰਿਆ–ਵਿਸ਼ੇਸ਼ਣ ਅਧਾਰਤ (4) ਤਿੰਨੋਂ

125. 'ਕਰਨਾਲ ਦੀ ਲੜਾਈ' ਸਿਰਲੇਖ ਅਧੀਨ ਸੰਘਰਸ਼ ਪੱਖ, ਕਿਸ ਵਾਰ ਦਾ ਹਿੱਸਾ ਹੈ –

(1) ਵਾਰ ਨਾਦਰਸ਼ਾਹ (2) ਚੱਠਿਆ ਦੀ ਵਾਰ

(3) ਵਾਰ ਹਕੀਕਤ ਰਾਇ (4) ਚੌਧਰੀਆਂ ਦੀ ਵਾਰ

126. 'ਸੁਣਾਉਣੀ ਦੇਣ' ਦਾ ਸੰਬੰਧ ਕਿਸ ਮੌਕੇ ਨਾਲ ਹੈ –

(1) ਜਨਮ (2) ਮੌਤ

(3) ਵਿਆਹ (4) ਤਿਉਹਾਰ

127. ਗੁਰੂ ਨਾਨਕ ਦੇਵ ਜੀ ਨੇ ਕਿਸ ਬਾਣੀ ਵਿਚ ਆਪਣੇ ਆਪ ਨੂੰ ਸ਼ਾਇਰ ਕਿਹਾ ਹੈ –

(1) ਸਿੱਧ ਗੋਸਟਿ (2) ਬਾਰਾ ਮਾਹ ਤੁਖਾਰੀ

(3) ਜਪੁ ਜੀ ਸਾਹਿਬ (4) ਰਾਗ ਆਸਾ ਪੱਟੀ

128. ਪੰਜਾਬੀ ਮੁਖ ਰੂਪ ਵਿਚ ਹੈ –

(1) ਅਗੇਤਰਾਤਮਿਕ (2) ਮਧੇਤਰਾਤਮਿਕ

(3) ਪਿਛੇਤਰਾਤਮਿਕ (4) ਉਪਰੋਕਤ ਕੋਈ ਨਹੀਂ

129. ਨਵ ਜੰਮੇ ਬੱਚੇ ਨੂੰ ਪਹਿਲਾ ਝੱਗਾ, ਸ਼ਰਧਾਲੂ ਪਰਿਵਾਰ ਵਿਚ ਕਿਸ ਕੱਪੜੇ ਦਾ ਸਿਲਾਇਆ ਜਾਂਦਾ ਹੈ –

(1) ਹੱਥ ਖੱਡੀ ਦਾ ਖੱਦਰ (2) ਪੁਰਾਣਾ ਰੁਮਾਲਾ

(3) ਗ੍ਰੰਥੀ ਸਿੰਘ ਦੀ ਛੂਹ ਪ੍ਰਾਪਤ (4) ਪੁਰਾਣੀ ਪੱਗ

130. ਸੰਬੋਧਕੀ ਵਿਧੀ 'ਬਿਲਿ-ਦੂ' (billet-doux) ਦਾ ਸੰਬੰਧ ਕਿਸ ਨਾਟਕਕਾਰ ਨਾਲ ਹੈ –

(1) ਬਲਵੰਤ ਗਾਰਗੀ
(2) ਸੁਰਜੀਤ ਸਿੰਘ ਸੇਠੀ
(3) ਚਰਨਦਾਸ ਸਿੱਧੂ
(4) ਆਤਮਜੀਤ

131. "ਜੋ ਵਿਅਕਤੀ ਬੋਲਚਾਲ ਵਿਚ ਉਸਤਾਦ ਹੁੰਦਾ ਹੈ ਉਸ ਦਾ ਮਨ ਵਿਚਾਰਾਂ ਨਾਲ ਭਰਪੂਰ ਰਹਿੰਦੈ, ਉਹਦੇ ਕੋਲ ਕਹਿਣ ਨੂੰ ਬਹੁਤ ਕੁਝ ਹੁੰਦੈ, ਉਸ ਤੋਂ ਬਹੁਤ ਕੁਝ ਸਿੱਖਿਆ ਜਾਂਦੈ। ਪਰੰਤੂ ਉਹ ਬਹੁਤ ਸੋਚ ਵਿਚਾਰ ਕੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ।"

ਉਪਰੋਕਤ ਕਥਨ 'ਬੋਲਚਾਲ ਦੇ ਸਿਧਾਂਤ' ਦੀ ਪ੍ਰੋੜ੍ਹਤਾ ਕਰਦਾ ਹੈ। ਇਸ ਕਥਨ ਦੇ ਕਰਤਾ ਹਨ –

(1) ਪ੍ਰੋ. ਸਮਿੱਥ
(2) ਸਵਿਫਟ
(3) ਹਾਈਡ
(4) ਰਾਇਬਰਨ

132. ਅਨੁਕਰਨ ਵਾਚਨ ਕਿੰਨੇ ਤਰ੍ਹਾਂ ਦਾ ਹੁੰਦਾ ਹੈ –

(1) ਦੋ
(2) ਤਿੰਨ
(3) ਚਾਰ
(4) ਛੇ

133. 'ਪ੍ਰਸ਼ਨ ਉਤਰ ਵਿਧੀ' ਕਿਹੜੀਆਂ ਕਵਿਤਾਵਾਂ ਨੂੰ ਪੜ੍ਹਾਉਣ ਲਈ ਵਧੇਰੇ ਲਾਹੇਵੰਦ ਹੂੰਦੀ ਹੈ –

(1) ਵਰਣਾਤਮਿਕ
(2) ਬਾਲਗੀਤ
(3) ਪ੍ਰਗੀਤਕ
(4) ਤਿੰਨੋਂ

134. ਕਿਹੜੇ ਸਿੱਖਿਆ ਸ਼ਾਸਤਰੀ ਕਿਸੇ ਨਾ ਕਿਸੇ ਪੱਧਰ ਉੱਤੇ ਵਿਆਕਰਨ ਦੇ ਗਿਆਨ ਨੂੰ ਭਾਸ਼ਾ ਸਿੱਖਿਆ ਲਈ ਜ਼ਰੂਰੀ ਮੰਨਦੇ ਹਨ –

(1) ਡੀ. ਐਸ. ਗੌਰਡਨ, ਰਾਇਬਰਨ, ਸੈਂਪਸਨ
(2) ਰਾਇਬਰਨ, ਡਾਕਟਰ ਰਾਊਸ, ਪੀ. ਬੀ. ਬੈਲਾਰਡ
(3) ਸੈਂਪਸਨ, ਹੈਰਲਡ ਈ. ਪਾਮਰ, ਰਾਰੀਨਿੰਗ ਲੈਂਬਰਨ
(4) ਪੀ. ਬੀ. ਬੈਲਾਰਡ, ਡਾਕਟਰ ਰਾਊਸ, ਹੈਰਲਡ ਈ. ਪਾਮਰ

135. ਚੰਗੀ ਪੰਜਾਬੀ ਪਾਠ-ਪੁਸਤਕ ਦੇ ਬਾਹਰੀ ਗੁਣਾਂ ਨਾਲ ਸੰਬੰਧਿਤ ਤੱਥ ਹੈ –

(1) ਵਿਸ਼ਾ-ਵਸਤੂ
(2) ਉਦੇਸ਼ਾਤਮਿਕਤਾ
(3) ਉਪਯੁਕਤਤਾ
(4) ਸੰਪਾਦਨ

136. ਨਾਵਲ ਸਿੱਖਿਆ ਵਿਚ ਅਧਿਆਪਕ ਦਾ ਕਾਰਜ ਇਕ ਨਿਰਦੇਸ਼ਕ ਵਾਲਾ ਹੈ। ਡਾ. ਇੰਦਰਦੇਵ ਸਿੰਘ ਨੰਦਰਾ ਅਨੁਸਾਰ ਇਹ ਨਿਰਦੇਸ਼ਨ ਕਿੰਨੇ ਪ੍ਰਕਾਰ ਨਾਲ ਦਿੱਤਾ ਜਾ ਸਕਦਾ ਹੈ –

(1) ਦੋ
(2) ਤਿੰਨ
(3) ਚਾਰ
(4) ਪੰਜ

137. ਕਿਹੜੀ ਸਿੱਖਿਆ ਵਿਧੀ ਰਾਹੀ ਕਹਾਣੀ ਦੇ ਗੁਣ ਅਤੇ ਕਹਾਣੀ ਦੇ ਗੁਣ ਅਤੇ ਦੋਸ਼ਾਂ ਨੂੰ ਪਰਖਿਆ ਜਾਂਦਾ ਹੈ –

(1) ਅਰਥ ਬੋਧ ਵਿਧੀ
(2) ਵਿਸ਼ਲੇਸਣ ਵਿਧੀ
(3) ਵਿਆਖਿਆ ਵਿਧੀ
(4) ਸਮੀਖਿਆ ਵਿਧੀ

138. ਸੰਨ 1963 ਵਿਚ ਦੁਨੀਆਂ ਦੀ ਸਭ ਤੋਂ ਪਹਿਲੀ ਭਾਸ਼ਾ ਪ੍ਰਯੋਗਸ਼ਾਲਾ ਕਿਹੜੇ ਦੇਸ਼ ਵਿਚ ਸਥਾਪਤ ਹੋਈ –

(1) ਅਮਰੀਕਾ
(2) ਇੰਗਲੈਂਡ
(3) ਸੋਵੀਅਤ ਰੂਸ
(4) ਜਾਪਾਨ

139. ਭਾਸ਼ਾ ਪ੍ਰਯੋਗਸ਼ਾਲਾ ਵਿਚ ਭਾਸ਼ਾ ਦੇ ਆਦਰਸ਼ ਨਮੂਨਿਆਂ ਦੀ ਪੇਸ਼ਕਾਰੀ ਕਿਹੜੇ ਉਪਕਰਨ ਰਾਹੀਂ ਕੀਤੀ ਜਾ ਸਕਦੀ ਹੈ –

(1) ਵੀਡਿਓ
(2) ਡੀ. ਵੀ. ਡੀ.
(3) ਲਿੰਗਵਾਫੋਨ
(4) ਸਾਰੇ

140. ਵਿਆਖਿਆ ਵਿਧੀ ਦੀਆਂ ਕਿੰਨੀਆਂ ਉਪ–ਵਿਧੀਆਂ ਹਨ –

(1) ਤਿੰਨ
(2) ਚਾਰ
(3) ਪੰਜ
(4) ਛੇ

141. ਕਿਹੜਾ ਪੱਛਮੀ ਚਿੰਤਕ ਪੁਸਤਕਾਲਾ ਨੂੰ, 'ਸਕੂਲ ਦਾ ਸ਼ਕਤੀ ਕੇਂਦਰ' (Nerve Centre of the School) ਕਹਿੰਦਾ ਹੈ –

(1) ਬਾਈਡਨ
(2) ਸਟੀਫ਼ਨ ਜੌਨਸਨ
(3) ਜੌਹਨ ਡਿਊਈ
(4) ਜੀ. ਓ. ਰਾਉਲੇ

142. ਨਿਗਮਨ ਵਿਧੀ ਦੇ ਉਲਟ ਸ਼ਿੱਖਿਆ ਵਿਧੀ ਹੈ –

(1) ਵਿਆਖਿਆ ਵਿਧੀ
(2) ਸਿਧਾਂਤ ਵਿਧੀ
(3) ਆਗਮਨ ਵਿਧੀ
(4) ਪਾਠ–ਪੁਸ਼ਤਕ ਵਿਧੀ

143. ਭਾਸ਼ਾ ਸਿੱਖਿਆ ਵਿਚ ਸਭ ਤੋਂ ਪ੍ਰਮੁੱਖ ਸਥਾਨ ਕਿਸ ਨੂੰ ਦੇਣਾ ਚਾਹੀਦਾ ਹੈ –

(1) ਪਾਠ–ਪੁਸਤਕ
(2) ਪੁਸਤਕਾਲਾ
(3) ਪ੍ਰਯੋਗਸ਼ਾਲਾ
(4) ਅਧਿਆਪਕ

144. ਵਿਦਿਆਰਥੀਆਂ ਨੂੰ ਆਮ ਸਿਧਾਂਤ ਲੱਭਣ ਅਤੇ ਯਾਦ ਕਰਕੇ ਵਰਤੋਂ ਕਰਨ ਦੀ ਆਦਤ ਕਿਹੜੇ ਸਿੱਖਿਆ ਸੂਤਰ ਰਾਹੀ ਸੌਖੇ ਰੂਪ ਵਿਚ ਪਾਈ ਜਾ ਸਕਦੀ ਹੈ –

(1) ਪੂਰਨ ਤੋਂ ਅੰਸ਼ ਵਲ
(2) ਆਗਮਨ ਤੋਂ ਨਿਗਮਨ ਵੱਲ
(3) ਸਥੂਲ ਤੋਂ ਸੂਖਮ ਵਲ
(4) ਖਾਸ ਤੋਂ ਆਮ ਵਲ

145. ਲਿਖਣ-ਕੌਸ਼ਲ ਨਾਲ ਸੰਬੰਧਿਤ ਸਿੱਖਿਆ ਵਿਧੀ ਹੈ –

(1) ਸਵਰ ਵਿਧੀ
(2) ਭਾਸ਼ਾ ਸਿੱਖਿਆ ਯੰਤਰ ਵਿਧੀ
(3) ਵਾਦ-ਵਿਵਾਦ
(4) ਪੈਸਟਾਲੋਜੀ ਵਿਧੀ

146. ਸੁਣਨ ਕੌਸ਼ਲ ਦੀ ਮਹੱਤਤਾ ਸੰਬੰਧੀ ਕਿਹੜਾ ਕਥਨ ਸਹੀ ਨਹੀਂ ਹੈ –

(1) ਭਾਸ਼ਾ ਅਨੁਕਰਨ ਦੁਆਰਾ ਸਿੱਖੀ ਜਾਂਦੀ ਹੈ। ਨਵੇਂ ਨਵੇਂ ਸ਼ਬਦਾਂ ਨੂੰ ਸੁਣ ਕੇ, ਬੱਚਾ ਆਪਣੇ ਸ਼ਬਦ – ਭੰਡਾਰ ਵਿਚ ਵਾਧਾ ਕਰਦਾ ਹੈ।
(2) ਬੱਚਾ ਸੁਣਨ ਪ੍ਰਤੀ ਜਾਗਰੂਕ ਨਹੀਂ ਬਣਦਾ ਅਤੇ ਨਾ ਹੀ ਉਸਦੀਆਂ ਸੁਣਨ-ਇੰਦਰੀਆਂ ਦਾ ਪ੍ਰਯੋਗ ਹੁੰਦਾ ਹੈ।
(3) ਸੁਣਨ ਅਤੇ ਸਮਝਣ ਕੌਸ਼ਲ ਹੋਰ ਭਾਸ਼ਾਈ ਕੌਸ਼ਲਾ ਨੂੰ ਵਿਕਸਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।
(4) ਦੂਸਰੇ ਵਿਸ਼ਿਆ ਦੀ ਸਿੱਖਿਆ ਵਿਚ ਸੁਣਨ-ਕੌਸ਼ਲ ਸਹਾਇਕ ਹੁੰਦਾ ਹੈ।

147. ਨਾਟਕ ਸਿੱਖਿਆ ਦੀ ਸਭ ਤੋਂ ਪੁਰਾਣੀ ਅਧਿਆਪਨ ਵਿਧੀ ਹੈ –

(1) ਅਰਥ-ਕਥਨ ਵਿਧੀ
(2) ਆਦਰਸ਼ ਨਾਟ-ਪਾਠ ਵਿਧੀ
(3) ਵਿਆਖਿਆ ਵਿਧੀ
(4) ਅਭਿਨੈ ਵਿਧੀ

148. ਵਾਰਤਕ ਸਿੱਖਿਆ ਪ੍ਰਕਿਰਿਆ ਦੌਰਾਨ ਜਾਣ-ਪਛਾਣ ਦਾ ਅੰਤਿਮ ਪ੍ਰਸ਼ਨ ਕਿਸ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ –

(1) ਉਦੇਸ਼ ਕਥਨ
(2) ਪ੍ਰਸਤੁਤੀਕਰਨ
(3) ਆਦਰਸ਼ ਵਾਚਨ
(4) ਪੂਰਵ ਗਿਆਨ

149. 'ਵਾਦ-ਵਿਵਾਦ' ਪ੍ਰਤਿਯੋਗਤਾ ਸਕੂਲੀ ਪੱਧਰ ਉਪਰ ਮੌਖਿਕ ਭਾਸ਼ਾ ਦੇ ਵਿਕਾਸ ਦਾ ਇਕ ਉਤਮ ਵਸੀਲਾ ਹੈ। ਇਸ ਦੇ ਵਿਸ਼ੇ ਦੀ ਚੋਣ ਵਿਚ ਕਿਹੜੀ ਗਲ ਦਾ ਧਿਆਨ ਰੱਖਣਾ ਬੇਹਦ ਜ਼ਰੂਰੀ ਹੈ –

(1) ਵਾਦ-ਵਿਵਾਦ ਦਾ ਵਿਸ਼ਾ ਸਿੱਖਿਆਰਥੀਆਂ ਦੇ ਮਾਨਸਿਕ ਤੇ ਬੌਧਿਕ ਪੱਧਰ ਦੇ ਅਨੁਕੂਲ ਹੋਵੇ
(2) ਵਾਦ-ਵਿਵਾਦ ਦਾ ਵਿਸ਼ਾ ਅਣਡਿਠੇ ਪਾਠ-ਵਸਤੂ ਵਿਚੋਂ ਚੁਣਿਆ ਜਾਵੇ
(3) ਵਾਦ-ਵਿਵਾਦ ਦਾ ਵਿਸ਼ਾ ਰੌਚਕਤਾ ਵਾਲ ਨਹੀਂ ਹੋਣਾ ਚਾਹੀਦਾ
(4) ਉਪਰੋਕਤ ਸਾਰੇ

150. 'ਪ੍ਰਤੱਖ ਭਾਸ਼ਾ ਪ੍ਰਣਾਲੀ' ਕਿਸ ਦੇ ਅਧਿਆਪਨ ਸਮੇਂ ਵਰਤੀ ਜਾਂਦੀ ਹੈ –

(1) ਕਵਿਤਾ
(2) ਇਕਾਂਗੀ
(3) ਵਿਆਕਰਨ
(4) ਸਫ਼ਰਨਾਮਾ

---

Space for Rough Work/ रफ कार्य के लिये जगह

80
04
869

8004869

8004869

8004869

8004869